# ਸਲਾਨਾ ਪ੍ਰਬੰਧਕੀ ਰਿਪੋਰਟ

## 1 ਪਿਛੋਕੜ

ਵੱਖ-ਵੱਖ ਖੇਤਰਾਂ ਵਿੱਚ ਸੂਬੇ ਦੇ ਵਿਕਾਸ ਵਿੱਚ ਸਹਿਕਾਰਤਾ ਦਾ ਯੋਗਦਾਨ ਬਹੁਤ ਮਹੱਤਵਪੂਰਨ ਹੈ।ਰਾਜ ਵਿੱਚ ਬਹੁਤ ਸਾਰੇ ਲੋਕਾਂ ਨੂੰ ਵੱਖ-ਵੱਖ ਸਹਿਕਾਰੀ ਅਦਾਰਿਆਂ ਵਿੱਚ ਰੁਜ਼ਗਾਰ ਮਿਲਿਆ ਹੈ।ਖੇਤੀ ਕਰਜ਼ਿਆਂ ਦੀ ਐਡਵਾਂਸਮੈਂਟ ਵਿੱਚ ਸਹਿਕਾਰੀ ਸਭਾਵਾਂ ਦਾ ਅਹਿਮ ਰੋਲ ਹੈ। ਸਹਿਕਾਰੀ ਸਭਾਵਾਂ ਗੈਰ ਖੇਤੀਬਾੜੀ ਖੇਤਰ ਵਿੱਚ ਕਰਜ਼ੇ ਦੀ ਅਡਵਾਂਸਮੈਂਟ ਅਤੇ ਵਪਾਰੀਆਂ ਅਤੇ ਕਾਰੋਬਾਰੀਆਂ ਨੂੰ ਕਰਜ਼ੇ ਦੀ ਅਡਵਾਂਸਮੈਂਟ, ਖੇਤੀਬਾੜੀ ਦੇ ਉਤਪਾਦਾਂ ਦੀ ਮਾਰਕੀਟਿੰਗ, ਦੁੱਧ ਅਤੇ ਦੁੱਧ ਉਤਪਾਦਾਂ ਦੀ ਸਪਲਾਈ, ਖੰਡ ਦਾ ਉਤਪਾਦਨ, ਘਰਾਂ ਦੀ ਉਸਾਰੀ ਦੇ ਨਾਲ ਨਾਲ ਕਿਰਤ ਅਤੇ ਉਸਾਰੀ ਖੇਤਰਾਂ ਵਿੱਚ ਦਾਖਲ ਹੋ ਗਈਆਂ ਹਨ।ਖੇਤੀਬਾੜੀ ਕਿੱਤਿਆਂ ਵਿੱਚ ਖਾਦਾਂ ਦੀ ਵੰਡ ਅਤੇ ਹੋਰ ਇੰਨਪੁਟਸ ਸਪਲਾਈ ਕਰਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਹੈ।ਗੈਰ ਖੇਤੀਬਾੜੀ ਕਰਜ਼ਿਆਂ ਨੇ ਰੁਜ਼ਗਾਰ ਪ੍ਰਾਪਤ ਕਰਨ ਵਿੱਚ ਲਾਭਪਾਤਰੀਆਂ ਦੀ ਮਦਦ ਕੀਤੀ ਹੈ।

ਇਹ ਅੰਦੋਲਨ ਬਰਾਬਰਤਾ ਦੇ ਸਿਧਾਂਤ ਤੇ ਅਧਾਰਤ ਹੈ, ਅਤੇ ਹਰ ਇੱਕ ਨੂੰ ਵਿਕਾਸ ਲਈ ਕਾਫੀ ਮੌਕੇ ਮੁਹੱਈਆ ਕਰਾਉਣਾ ਹੈ। ਥੋੜੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ,ਕਿ ਅਰਥਚਾਰੇ ਦੇ ਹੋਰ ਖੇਤਰਾਂ ਦੇ ਮੁਕਾਬਲੇ ਸਹਿਕਾਰੀ ਸਭਾਵਾਂ ਲੋਕਾਂ ਨੂੰ ਆਪਣੇ ਜੀਵਨ ਨੂੰ ਉੱਚਾ ਚੁੱਕਣ ਵਿੱਚ ਲੀਹਾਂ ਪ੍ਰਦਾਨ ਕਰਦੀਆਂ ਹਨ। ਪੰਜਾਬ ਰਾਜ ਵਿੱਚ ਸਹਿਕਾਰੀ ਅੰਦੋਲਨ ਨੇ ਰਾਜ ਦੇ ਬਹੁਤ ਸਾਰੇ ਲੋਕਾਂ ਦੇ ਜੀਵਨ ਦੇ ਵਿਕਾਸ ਵਿੱਚ ਕਿਸੇ ਨਾ ਕਿਸੇ ਢੰਗ ਨਾਲ ਯੋਗਦਾਨ ਪਾਇਆ ਹੈ।ਸਹਿਕਾਰਤਾ ਲਹਿਰ ਦਾ ਸਮੁੱਚਾ ਵਿਸ਼ਲੇਸ਼ਣ ਇਹ ਦਰਸਾਉਂਦਾ ਹੈ ਕਿ ਸਾਲ 2016-17 ਦੌਰਾਨ ਸਭਾਵਾਂ ਦੀ ਕੁੱਲ ਹਿੱਸਾ-ਪੂੰਜੀ ਵਿੱਚ 1492.35ਕਰੋੜ ਤੋਂ 1527.01 ਕਰੋੜ ਦਾ ਵਾਧਾ, ਵਰਕਿੰਗ ਕੈਪੀਟਲ ਵਿੱਚ 69609.55 ਕਰੋੜ ਤੋਂ 69833.18ਕਰੋੜ ਦਾ ਵਾਧਾ ਹੋਇਆ ਹੈ।ਪਿਛਲੇ ਸਾਲ 2015-16 ਦੇ ਅੰਕੜਿਆਂ ਦੇ ਮੁਕਾਬਲੇ ਵਪਾਰਕ ਟਰਨਓਵਰ 468444.78ਕਰੋੜ ਤੋਂ 554355.71 ਕਰੋੜ ਅਤੇ ਮਾਲਕੀ ਫੰਡਾਂ ਵਿੱਚ 6626.46 ਕਰੋੜ ਤੋਂ 6740.99ਕਰੋੜ ਵਾਧਾ ਹੋਇਆ ਹੈ ਉਪਰੋਕਤ ਡਾਟਾ ਰਾਜ ਵਿੱਚ ਸਹਿਕਾਰੀ ਲਹਿਰ ਦੇ ਵਿਕਾਸ ਦੀ ਹੱਦ ਨੂੰ ਸਪੱਸ਼ਟ ਰੂਪ ਵਿੱਚ ਦਰਸਾਉਂਦਾ ਹੈ।

## 2 ਵਿਭਾਗ ਦਾ ਸੰਸਥਾਗਤ ਚਾਰਟ।

## ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ ਅਧੀਨ ਵਿਭਾਗ ਪ੍ਰਬੰਧਕੀ ਢਾਂਚੇ ਦਾ ਚਾਰਟ

<table>
<tr><td colspan="2">ਪ੍ਰਬੰਧਕੀ ਢਾਂਚਾ</td></tr>
<tr><td colspan="2">ਸਹਿਕਾਰਤਾ ਮੰਤਰੀ</td></tr>
<tr><td colspan="2">ਅਡੀਸ਼ਨਲ ਚੀਫ ਸੈਕਟਰੀ, ਸਹਿਕਾਰਤਾ</td></tr>
<tr><td>ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ</td><td>ਵਿਸ਼ੇਸ਼ ਸਕੱਤਰ, ਸਹਿਕਾਰਤਾ</td></tr>
<tr><td>ਮੁੱਖ ਦਫਤਰ ਪੱਧਰ ਦੇ ਅਧਿਕਾਰੀ<br>ਵਧੀਕ ਰਜਿਸਟਰਾਰ(ਪ੍ਰਬੰਧ)<br>ਵਧੀਕ ਰਜਿਸਟਰਾਰ(ਰਿਣ)<br>ਵਧੀਕ ਰਜਿਸਟਰਾਰ(ਜਨਰਲ)<br>ਵਧੀਕ ਰਜਿਸਟਰਾਰ(ਉਦਯੋਗ)<br>ਵਧੀਕ ਰਜਿਸਟਰਾਰ(ਵੰਡ)<br>ਸੰਯੁਕਤ ਰਜਿਸਟਰਾਰ (ਯੋਜਨਾ)<br>ਸੰਯੁਕਤ ਰਜਿਸਟਰਾਰ-1<br>ਸੰਯੁਕਤ ਰਜਿਸਟਰਾਰ-2<br>ਉਪ ਰਜਿਸਟਰਾਰ(ਇੰਨਫੋਰਸਮੈਂਟ)<br>ਉਪ ਰਜਿਸਟਰਾਰ(ਬੈਂਕਿੰਗ)<br>ਉਪ ਰਜਿਸਟਰਾਰ(ਲੀਗਲ)</td><td>ਖੇਤਰੀ ਪੱਧਰ ਦੇ ਅਧਿਕਾਰੀ<br><br>ਸੰਯੁਕਤ ਰਜਿਸਟਰਾਰ,<br>ਪਟਿਆਲਾ,ਜਲੰਧਰ, ਫਿਰੋਜ਼ਪੁਰ<br><br>1. ਹਰ ਜਿਲ੍ਹੇ ਵਿੱਚ ਇੱਕ ਉਪ ਰਜਿਸਟਰਾਰ (22)<br><br>2. ਹਰ ਏ.ਆਰ ਸਰਕਲ ਵਿੱਚ ਇੱਕ ਸਹਾਇਕ ਰਜਿਸਟਰਾਰ (80)<br><br>3. ਨਰੀਖਕ(835)</td></tr>
</table>

## 3. ਤੁਲਨਾਤਮਿਕ ਚਾਰਟ (ਵਿਭਾਗ ਦੀ ਸਰੀਰਕ ਅਤੇ ਵਿੱਤੀ ਤਰੱਕੀ)।

ਵਿਭਾਗ ਦੀ ਸਰੀਰਕ ਤਰੱਕੀ ਪਿਛਲੇ ਦੋ ਸਾਲਾਂ ਨਾਲ ਟੈਬਲੇਟ ਫਾਰਮ ਵਿੱਚ ਤੁਲਨਾ

**ਵਿੱਤੀ ਸਾਲ 2014-15**

| ਲੜੀ ਨੰ. | ਸਕੀਮ | ਵਿੱਤੀ ਸਾਲ 2014-15 ਦੌਰਾਨ ਅਲਾਟ ਹੋਇਆ ਬਜ਼ਟ। | ਵਿੱਤੀ ਸਾਲ 2014-15 ਦੌਰਾਨ ਖਰਚਾ। |
|---|---|---|---|
| 1 | ਪਲਾਨ | 3164900000/- | 2664873000/- |
| 2 | ਨਾਨ ਪਲਾਨ | 630045000/- | 596847000/- |

**ਵਿੱਤੀ ਸਾਲ 2015-16**

| ਲੜੀ ਨੰ. | ਸਕੀਮ | ਵਿੱਤੀ ਸਾਲ 2015-16 ਦੌਰਾਨ ਅਲਾਟ ਹੋਇਆ ਬਜ਼ਟ। | ਵਿੱਤੀ ਸਾਲ 2015-16 ਦੌਰਾਨ ਖਰਚਾ। |
|---|---|---|---|
| 1 | ਪਲਾਨ | 4000000000/- | 3305600000/- |
| 2 | ਨਾਨ ਪਲਾਨ | 617551000/- | 592848000/- |

**ਵਿੱਤੀ ਸਾਲ 2016-17**

| ਲੜੀ ਨੰ. | ਸਕੀਮ | ਵਿੱਤੀ ਸਾਲ 2016-17 ਦੌਰਾਨ ਅਲਾਟ ਹੋਇਆ ਬਜ਼ਟ। | ਵਿੱਤੀ ਸਾਲ 2016-17 ਦੌਰਾਨ ਖਰਚਾ। |
|---|---|---|---|
| 1 | ਪਲਾਨ | 3080000000/- | 2293145000/- |
| 2 | ਨਾਨ ਪਲਾਨ | 557481000/- | 529991000/- |

**ਸ਼ਿਖਰ ਸਹਿਕਾਰੀ ਸੰਸਥਾਵਾਂ।**

ਸ਼ਿਖਰ ਸਹਿਕਾਰੀ ਸੰਸਥਾਵਾ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ, ਜਿਨ੍ਹਾਂ ਦੇ ਮੁਖੀ ਪ੍ਰਬੰਧ ਨਿਰਦੇਸ਼ਕ ਹੁੰਦੇ ਹਨ:-

- ਪੰਜਾਬ ਰਾਜ ਸਹਿਕਾਰੀ ਬੈਂਕ।
- ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ।
- ਮਾਰਕਫੈਡ।
- ਮਿਲਕਫੈਡ।
- ਸ਼ੂਗਰਫੈਡ।
- ਹਾਊਸਫੈਡ।
- ਪਨਕੋਫੈਡ।
- ਲੇਬਰਫੈਡ।
- ਪੀ.ਆਈ.ਸੀ.ਟੀ।

4. **ਵਿਜ਼ਨ,ਮਿਸ਼ਨ ਅਤੇ ਟੀਚੇ।**

ੳ) **ਵਿਜ਼ਨ**

ਮੈਂਬਰਾਂ ਦੀ ਮਾਲਕੀ ਵਾਲੀ ਪ੍ਰਬੰਧਿਤ ਸਹਿਕਾਰੀ ਸਭਾਵਾਂ ਦਾ ਜਮਹੂਰੀ ਢੰਗ ਨਾਲ ਪ੍ਰਮੋਸ਼ਨ।

ਅ) **ਮਿਸ਼ਨ**

ਸਹਿਕਾਰੀਸਭਾਵਾਂ ਦੇ ਸਵੈ-ਇੱਛਤ ਗਠਨ ਲਈ ਲੋਕਾਂ ਨੂੰ ਉਤਸ਼ਾਹਿਤ ਕਰਨ ਲਈ ਸਹਾਈ ਵਾਤਾਵਰਣ ਪ੍ਰਦਾਨ ਕਰਨਾ।

ੲ) **ਟੀਚੇ/ਉਦੇਸ਼**

ਵਿਭਾਗ ਦੇ ਉਦੇਸ਼ਾਂ ਵਿੱਚ ਸਹਿਕਾਰੀ ਸਭਾਵਾਂ ਦੇ ਮੈਂਬਰਾਂ ਨੂੰ ਦੀ ਪੰਜਾਬ ਰਾਜ ਸਹਿਕਾਰੀ ਬੈਂਕ ਅਤੇ ਦੀ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੁਆਰਾ ਸ਼ਾਰਟ ਟਰਮ ਅਤੇ ਲਾਂਗ ਟਰਮ ਕ੍ਰੈਡਿਟ, ਖਾਦਾਂ ਅਤੇ ਐਗਰੋ-ਕੈਮੀਕਲ ਦੀ ਸਮੇਂ ਸਿਰ ਸਪਲਾਈ ਸ਼ਾਮਲ ਹੈ।ਵੱਖ-ਵੱਖ ਪੈਰਾਮੀਟਰਾਂ ਦੇ ਦੁਆਰਾ ਮੈਂਬਰਾਂ ਦੀ ਆਰਥਿਕ ਸਥਿਤੀ ਵਧਾਉਣ ਲਈ ਉਪਰਾਲੇ ਕਰਨਾ, ਮਹਿਲਾਵਾਂ ਦੇ ਸਸ਼ਕਤੀਕਰਣ ਨੂੰ ਯਕੀਨੀ ਬਣਾਉਣਾ ਅਤੇ ਸਹਿਕਾਰੀ ਸੰਸਥਾਵਾਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ ਸਿਹਤ ਸਬੰਧੀ ਸੁਵਿਧਾਵਾਂ ਪ੍ਰਦਾਨ ਕਰਨਾ।ਵਿਭਾਗ ਦੇ ਉਦੇਸ਼ਾਂ ਵਿੱਚ ਅੰਦਰੂਨੀ ਕੁਸ਼ਲਤਾ, ਪਾਰਦਰਸ਼ਿਤਾ ਅਤੇ ਸੇਵਾ ਪ੍ਰਦਾਨ ਕਰਨ ਵਿੱਚ ਸੁਧਾਰ ਕਰਨਾ ਵੀ ਸ਼ਾਮਲ ਹੈ।

ਸ) **ਪਾਲਿਸੀ**

**ਉਦੇਸ਼**

- ਸਹਿਕਾਰੀ ਸਭਾਵਾਂ ਦੇ ਮੈਬਰਾਂ ਨੂੰ ਪੰਜਾਬ ਰਾਜ ਸਹਿਕਾਰੀ ਬੈਂਕ ਰਾਂਹੀ ਸ੍ਹਾਰਟ ਟਰਮ ਕਰਜ਼ਾ ਉਪਲਬਧ ਕਰਵਾਉਣਾ।
- ਸਹਿਕਾਰੀ ਸਭਾਵਾਂ ਦੇ ਮੈਬਰਾਂ ਨੂੰ ਪੰਜਾਬ ਰਾਜ ਖੇਤੀਬਾੜੀ ਵਿਕਾਸ ਬੈਂਕ ਰਾਂਹੀ ਲਾਂਗ ਟਰਮ ਕਰਜ਼ਾ ਉਪਲਬਧ ਕਰਵਾਉਣਾ।
- ਮੈਬਰਾਂ ਨੂੰ ਸਮੇਂ ਸਿਰ ਖਾਦ ਅਤੇ ਐਗਰੋਕੈਮੀਕਲਜ਼ ਉਪਲਬਧ ਕਰਵਾਉਣਾ।
- ਮਹਿਲਾ ਸ੍ਹਸ੍ਹਕਤੀਕਰਨ।
- ਮੈਬਰਾਂ ਅਤੇ ਉਨ੍ਹਾਂ ਦੇ ਪਰਿਵਾਰਿਕ ਮੈਬਰਾਂ ਦੀ ਸਿਹਤ ਦਾ ਖਿਆਲ ਰੱਖਣਾ।

**ਸਮੱਗਰੀ**

- ਰਾਜ ਦੀਆਂ ਸਭਾਵਾਂ/ਸਹਿਕਾਰੀ ਸੰਸਥਾਵਾਂ ਦੇ ਮੈਬਰਾਂ ਦੇ ਫੰਡਾਂ ਦੇ ਕੰਮ ਕਾਜ ਵਿੱਚ ਚੰਗੇ ਵਿੱਤੀ ਅਨੁਸ੍ਹਾਸਨ ਨੂੰ ਯਕੀਨੀ ਬਣਾਉਣਾ।
- ਕੰਮ ਕਾਰ ਵਿੱਚ ਪਾਰਦਰਸ੍ਹਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣਾ।

**ਆਉਟਪੁੱਟ**

- ਵਿਭਾਗ ਵਿੱਚ ਆਈ.ਡਬਲਊ.ਡੀ.ਐਮ.ਐਸ ਸਿਸਟਮ ਲਾਗੂ ਕੀਤਾ।
- ਆਈ.ਡਬਲਊ.ਡੀ.ਐਮ.ਐਸ ਦੁਆਰਾ ਅਦਾਲਤੀ ਕੇਸਾਂ ਦੀ ਨਿਗਰਾਨੀ ਕੀਤੀ ਗਈ।
- ਪੈਕਸ ਸਭਾਵਾਂ ਵਿੱਚ ਨਵੇਂ ਐਗਰੋਸਰਵਿਸ ਸੈਂਟਰ ਸਥਾਪਿਤ ਕੀਤੇ ਗਏ ਅਤੇ ਪੁਰਾਣੇ ਐਗਰੋ ਸਰਵਿਸ ਸੈਂਟਰਾਂ ਨੂੰ ਅਪਗਰੇਡ ਕੀਤਾ ਗਿਆ।
- ਪੈਕਸ ਸਭਾਵਾਂ ਨੂੰ ਸਮੇਂ ਸਿਰ ਖਾਦ ਦੀ ਪਾਲਿਸੀ ਦਾ ਖਰੜਾ ਤਿਆਰ ਕਰਕੇ ਮਾਰਕਫੈਡ ਅਤੇ ਇਫਕੋ ਦੁਆਰਾ ਖਾਦ ਦੀ ਸਮੇਂ ਸਿਰ ਸਪਲਾਈ ਯਕੀਨੀ ਬਣਾਈ ਗਈ।
- ਸਬੰਧਤ ਕਿਰਿਆਵਾਂ ਰਾਹੀਂ ਮਿਲਕਫੈਡ ਦੇ ਵੱਖ-ਵੱਖ ਪੈਰਾਮੀਟਰਾਂ ਰਾਹੀਂ ਮੈਂਬਰਾਂ ਦੀ ਆਰਥਿਕ ਸਥਿਤੀ ਸੁਧਾਰੀ ਗਈ।
- ਵਿਭਾਗ ਦੇ ਮਾਈਭਾਗੋ ਸਸ਼ਕਤੀਕਰਨ ਸਕੀਮ ਰਾਹੀਂ ਮਹਿਲਾ ਸਸ਼ਕਤੀਕਰਨ ਯਕੀਨੀ ਬਣਾਇਆ ਗਿਆ
- ਭਾਈ ਘਨੱਈਆ ਸਿਹਤ ਸੇਵਾ ਸਕੀਮ ਸਹਿਕਾਰੀ ਸਭਾਵਾਂ ਦੇ ਮੈਂਬਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਿਹਤ ਸੁਰੱਖਿਆ ਪ੍ਰਦਾਨ ਕਰਨ ਵਿੱਚ ਮਦਦ ਕੀਤੀ ਗਈ।

**ਹ) ਪ੍ਰੋਗਰਾਮ ਅਤੇ ਪ੍ਰਾਜੈਕਟ**

(ਰਕਮ ਹਜ਼ਾਰਾਂ ਵਿੱਚ)

| ਲੜੀ ਨੰ: | ਸਕੀਮ ਦਾ ਨਾਮ | ਸਾਲਾਨਾ ਪਲਾਨ 2016-17 | |
|---|---|---|---|
| | | ਪ੍ਰਵਾਨਿਤ ਰਕਮ | ਖਰਚਾ |
| 1 | 2 | 3 | 4 |
| CN-14 | PACS/PMACS ਦੇ ਗੋਦਾਮਾਂ ਦੀ ਉਸਾਰੀ/ ਰੀ ਮੋਡਲਿੰਗ RIDF-XXIਤਹਿਤ | 22012 | 22012 |
| CN-09 | ਗੰਨਾ ਉਤਪਾਦਕਾਂ ਨੂੰ ਭੁਗਤਾਨ ਲਈ ਸੂਗਰ ਕੋਆਪ੍ਰੇਟਿਵਜ਼ ਲਈ ਲੋਨ। | 1780000 | 1780000 |

**ਕ) ਹਰੇਕ ਪ੍ਰੋਗਰਾਮ/ਪ੍ਰੋਜੈਕਟ ਦੇ ਸਲਾਨਾ ਨਿਸ਼ਾਨੇ**

ਪੰਜਾਬ ਰਾਜ ਸਹਿਕਾਰੀ ਬੈਂਕ ਅਤੇ ਪੰਜਾਬ ਸਟੇਟ ਕੋਆਪ੍ਰੇਟਿਵ ਐਗਰੀਕਲਚਰਲ ਡਿਵਲਪਮੈਂਟ ਬੈਂਕ ਦੁਆਰਾ ਸ਼ਾਰਟ ਟਰਮ ਅਤੇ ਲਾਂਗ ਟਰਮ ਕਰੈਡਿਟ ਦੀ ਐਡਵਾਂਸਮੈਂਟ ਅਤੇ ਰਿਕਵਰੀ, ਮਾਰਕਫੈਡ ਅਤੇ ਇਫਕੋ ਦੁਆਰਾ ਇੰਡੈਂਟ ਦੇ ਵਿਰੁੱਧ ਖਾਦਾਂ ਦੀ ਸਪਲਾਈ ਅਤੇ ਹੋਰ ਟੀਚਿਆਂ ਦਾ ਰੀਵਿਊ ਮਹੀਨੇਵਾਰ ਰਾਜ ਪੱਧਰੀ ਸਮੀਖਿਆ ਮੀਟਿੰਗਾਂ ਵਿੱਚ ਫੀਲਡ ਅਫਸਰਾਂ ਨਾਲ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਕੀਤਾ ਜਾਂਦਾ ਹੈ।

**5. ਮੁੱਖ ਕਾਰਗੁਜਾਰੀ ਸੂਚਕ**

**ਏ) ਪਿਛਲੇ ਵਿੱਤੀ ਸਾਲ ਦੌਰਾਨ ਵਿਭਾਗ ਵਿੱਚ ਹੋਈਆਂ ਮਹੱਤਵਪੂਰਨ ਗਤੀਵਿਧੀਆਂ ਦੀ ਸਮੀਖਿਆ।**

- **ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ।**

ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ਆਪਣੇ ਵਿਅਕਤੀਗਤ ਮੈਂਬਰਾਂ ਨੂੰ ਕਰਜ਼ਾ ਦਿੰਦੀਆਂ ਹਨ। ਕਿਸਾਨਾਂ ਦੀਆਂ ਕਰਜ਼ਾ ਲੋੜਾਂ ਨੂੰ ਪੂਰਾ ਕਰਨ ਵਿੱਚ ਅਤੇ ਖੇਤੀਬਾੜੀ ਦੀ ਪੈਦਾਵਾਰ ਵਧਾਉਣ ਵਿੱਚ ਇਨ੍ਹਾਂ ਸਹਿਕਾਰੀ ਸਭਾਵਾਂ ਨੇ ਅਹਿਮ ਭੂਮਿਕਾ ਨਿਭਾਉਣੀ ਜਾਰੀ ਰੱਖੀ ਹੈ। ਰਿਪੋਰਟ ਅਧੀਨ ਸਾਲ ਦੇ ਅੰਤ ਤੱਕ ਰਾਜ ਵਿੱਚ 3937 ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ਸਨ,ਜਿਨ੍ਹਾ ਵਿੱਚੋਂ ਅਸਲ ਵਿੱਚ ਕੰਮ ਕਰਦੀਆਂ 3576 ਸਭਾਵਾਂ ਹਨ। ਇਨ੍ਹਾਂ ਸਹਿਕਾਰੀ ਸਭਾਵਾਂ ਦੀ ਆਪਣੇ ਮੈਬਰਾਂ ਨੂੰ ਕਰਜ਼ਾ ਦੇਣ ਦੀ ਜਿੰਮੇਵਾਰੀ ਹੀ ਨਹੀਂ ਹੈ ਸਗੋਂ ਖੇਤੀਬਾੜੀ ਵਿੱਚ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਅਤੇ ਉਨ੍ਹਾ ਦੇ ਬੂਹੇ ਤੇ ਖਪਤਕਾਰ ਵਸਤਾਂ ਦੀ ਪੂਰਤੀ ਕਰਨ ਦੀ ਜਿੰਮੇਵਾਰੀ ਵੀ ਹੈ।ਸਾਲ ਦੌਰਾਨਇਨ੍ਹਾਂ ਮੈਂਬਰਾਂ ਦੀ ਗਿਣਤੀ, ਹਿੱਸੇਦਾਰੀ, ਕਾਰਜ ਪੂੰਜੀ, ਅਮਾਨਤਾਂ, ਜਾਰੀ ਕੀਤੇ ਕਰਜ਼ੇ, ਕਾਰੋਬਾਰੀ ਲੈਣ ਦੇਣ, ਸਪਲਾਈ ਕੀਤੀਆਂ ਖਪਤਕਾਰ ਵਸਤਾਂ ਦੀ ਕੀਮਤ ਆਦਿ ਵੇਰਵਾ ਹੇਠ ਦਿੱਤਾ ਹੈ :-

(ਰਕਮ ਲੱਖਾਂ ਵਿੱਚ)

| ਲੜੀ ਨੰ. | ਵੇਰਵਾ | 2015-2016 | 2016-17 |
|---|---|---|---|
| 1 | ਮੈਂਬਰਾਂ ਦੀ ਗਿਣਤੀ (ਅਸਲ) | 2518832 | 2539498 |
| 2 | ਹਿੱਸੇਦਾਰੀ | 4528939 | 4579556 |
| 3 | ਆਪਣੇ ਫੰਡ | 12714862 | 12833249 |
| 4 | ਕਾਰਜ ਪੂੰਜੀ | 103169782 | 108986309 |
| 5 | ਅਮਾਨਤਾਂ | 241242.42 | 270234.10 |
| 6 | ਜਾਰੀ ਕੀਤੇ ਕਰਜ਼ੇ | 1424466.70 | 1265645.19 |
| 7 | ਕਾਰੋਬਾਰੀ ਲੈਣ ਦੇਣ | 8470392.96 | 8599692.67 |

ਜਾਰੀ ਕੀਤੇ ਗਏ ਕਰਜ਼ੇ ਦੀ ਕੁੱਲ ਰਕਮ 1265645.19 ਲੱਖ ਰੁਪਏ ਵਿੱਚੋਂ 26253.29 ਲੱਖ ਰੁਪਏ ਦੇ ਕਰਜ਼ੇ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਜਾਰੀ ਕੀਤੇ ਗਏ ਸਨ ਅਤੇ 17420.89 ਲੱਖ ਰੁਪਏ ਦੇ ਕਰਜ਼ੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਮੈਬਰਾਂ ਨੂੰ ਜਾਰੀ ਕੀਤੇ ਗਏ ਸਨ। ਰਿਪੋਰਟ ਅਧੀਨ ਸਾਲ ਦੌਰਾਨ ਕਰਜ਼ੇ ਦੀ ਕੁੱਲ ਮੰਗ 968334.63ਲੱਖ ਰੁਪਏ ਵਿੱਚੋ 1292604.22 ਲੱਖ ਰੁਪਏ ਦੀ ਵਸੂਲੀ ਕੀਤੀ ਗਈ ਸੀ,ਜਿਸ ਨਾਲ 75 ਪ੍ਰਤੀਸ਼ਤਦੀ ਵਸੂਲੀ ਬਣਦੀ ਹੈ।ਸਾਲ ਦੇ ਅੰਤ ਤੇ ਇਨਾਂ ਸਹਿਕਾਰੀ ਸਭਾਵਾਂ ਦੇ ਮੈਂਬਰਾਂ ਦੇ ਵਿਰੁੱਧ 172858.21 ਲੱਖ ਰੁਪਏ ਦੇ ਬਕਾਇਆ ਕਰਜ਼ੇ ਖੜ੍ਹੇ ਸਨ।ਇਨਾਂ ਸਹਿਕਾਰੀ ਸਭਾਵਾਂ ਨੇ ਆਪਣੇ ਮੈਂਬਰਾਂ ਨੂੰ ਖੇਤੀਬਾੜੀ ਦੀ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਜਿਨ੍ਹਾਂ ਦੀ ਰਕਮ 104714.11 ਲੱਖ ਰੁਪਏ ਬਣਦੀ ਹੈ,ਦੀ ਪੂਰਤੀ ਕੀਤੀ ਹੈ।

- **ਦੀ ਪੰਜਾਬ ਰਾਜ ਸਹਿਕਾਰੀ ਬੈਂਕ ਲਿਮ: ਚੰਡੀਗੜ੍ਹ।**

ਸ਼ਿਖਰ ਪੱਧਰ ਤੇ ਦੀ ਪੰਜਾਬ ਰਾਜ ਸਹਿਕਾਰੀ ਬੈਂਕ (ਪੀ.ਐਸ.ਸੀ.ਬੀ) ਸ਼ਿਮਲਾ ਵਿਖੇ ਮਿਤੀ 31.08.1949 ਨੂੰ ਰਜਿਸਟਰ ਕੀਤਾ ਗਿਆ ਸੀ।ਇਸ ਦਾ ਮੁੱਖ ਦਫਤਰ 1951 ਵਿੱਚ ਜਲੰਧਰ ਵਿਖੇ ਅਤੇ ਫਿਰ 1963 ਵਿੱਚ ਚੰਡੀਗੜ੍ਹ ਵਿਖੇ ਤਬਦੀਲ ਕਰ ਦਿੱਤਾ ਗਿਆ ਸੀ।ਇਹ ਬੈਂਕ ਨਾ ਸਿਰਫ ਖੇਤੀ ਖੇਤਰ ਵਿੱਚ ਹੀ ਨਹੀ ਬਲਕਿ ਗੈਰ ਖੇਤੀ ਖੇਤਰ ਵਿੱਚ ਸਹਿਕਾਰੀ ਕਰਜ਼ੇ ਦੇਣ, ਨਿਰਦੇਸ਼ਿਤ ਕਰਨ ਅਤੇ ਦੇਖ ਰੇਖ ਕਰਦੇ ਹੋਏ ਇਕ ਧੁਰੇ ਦੀ ਭੂਮਿਕਾ ਨਿਭਾ ਰਿਹਾ ਹੈ।ਇਸ ਬੈਂਕ ਨਾਲ ਜੁੜੇ ਹੋਏ ਰਾਜ ਵਿੱਚ 20 ਕੇਂਦਰੀ ਸਹਿਕਾਰੀ ਬੈਂਕ ਹਨ।31-3-17 ਤੱਕ ਦੀ ਪੰਜਾਬ ਰਾਜ ਸਹਿਕਾਰੀ ਬੈਂਕ ਵਿਚ ਮੈਂਬਰਾਂ ਦੀ ਗਿਣਤੀ 23 ਸੀ, ਜੋ ਕਿ ਕੇਂਦਰੀ ਸਹਿਕਾਰੀ ਬੈਂਕ, ਸ਼ਿਖਰ ਸਹਿਕਾਰੀ ਸੰਸਥਾਵਾਂ ਅਤੇ ਹੋਰ ਸਹਿਕਾਰੀ ਸਭਾਵਾਂ ਨਾਲ ਬਣੀ ਹੋਈ ਹੈ।ਬੈਂਕ ਦੇ ਮਹੱਤਵਪੂਰਨ ਅੰਕੜੇ ਹੇਠ ਦਿਤੇ ਹੋਏ ਹਨ:-

(ਰਕਮ ਲੱਖਾਂ ਵਿੱਚ)

| ਲੜੀ ਨੰ. | ਵੇਰਵਾ | 2015-2016 | 2016-2017 |
|---|---|---|---|
| 1 | ਮੈਂਬਰਾਂ ਦੀ ਗਿਣਤੀ (ਇਕਾਈਆਂ ਵਿੱਚ) | 54 | 23 |
| 2 | ਹਿੱਸੇਦਾਰੀ | 15940.04 | 15940.06 |
| 3 | ਆਪਣੇ ਫੰਡ | 58143.82 | 59850.48 |
| 4 | ਕਾਰਜ ਪੂੰਜੀ | 940623.03 | 915813.93 |
| 5 | ਅਮਾਨਤਾਂ | 256017.17 | 264329.63 |
| 6 | ਜਾਰੀ ਕੀਤੇ ਕਰਜ਼ੇ | 1034500.79 | 1020153.48 |
| 7 | ਲਾਭ | +1253.15 | 3145.57 |
| 8 | ਕਾਰੋਬਾਰੀ ਲੈਣ-ਦੇਣ | 3556900.10 | 3014807.62 |

ਦੀ ਪੰਜਾਬ ਰਾਜ ਸਹਿਕਾਰੀ ਬੈਂਕ ਕਰਜ਼ੇ ਦੇਣ ਵਾਲੀ ਮੋਹਰੀ ਸੰਸਥਾ ਹੈ ਜੋ ਕਿ ਖੇਤੀਬਾੜੀ ਦੀ ਪੈਦਾਵਾਰ ਲਈ ਵਿਆਜ ਦੀਆਂ ਰਿਆਇਤੀ ਦਰਾਂ ਤੇ ਕਰਜ਼ਾ ਪ੍ਰਾਪਤ ਕਰਨ ਲਈ ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ (ਨਾਬਾਰਡ) ਅਤੇ ਕੇਂਦਰੀ ਸਹਿਕਾਰੀ ਬੈਂਕਾਂ ਵਿੱਚ ਕੜੀ ਦਾ ਕੰਮ ਕਰਦੀ ਹੈ। ਬੈਂਕ ਆਪਣੇ ਨਾਲ ਜੁੜੇ ਹੋਏ ਕੇਂਦਰੀ ਸਹਿਕਾਰੀ ਬੈਂਕਾਂ ਅਤੇ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ਦੇ ਅਮਲੇ ਦੀਆਂ ਸਿਖਲਾਈ ਜ਼ਰੂਰਤਾਂ ਨੂੰ ਆਪਣੇ ਟਰੇਨਿੰਗ ਇੰਸਟੀਚਿਊਟ ਜੋ ਕਿ ਜਲੰਧਰ ਵਿਖੇ ਸਥਿਤ ਹੈ,ਜਿਸ ਵਿੱਚ ਅਜੋਕੀ ਸਿੱਖਿਆ ਅਤੇ ਸਿਖਲਾਈ ਦੀਆਂ ਸਹੂਲਤਾਂ ਹਨ ਰਾਹੀਂ ਪੂਰਾ ਕਰਦਾ ਹੈ।

**ਕੇਂਦਰੀ ਸਹਿਕਾਰੀ ਬੈਂਕ :**

ਪੰਜਾਬ ਵਿੱਚ ਸਹਿਕਾਰੀ ਬੈਂਕਾਂ ਦਾ ਦੂਜਾ ਪੱਧਰ 20 ਕੇਂਦਰੀ ਸਹਿਕਾਰੀ ਬੈਂਕਾਂ ਦਾ ਬਣਿਆ ਹੋਇਆ ਹੈ, ਜਿਨ੍ਹਾਂ ਦੀਆਂ ਸਾਰੇ ਰਾਜ ਵਿੱਚ 802 ਸ਼ਾਖਾਵਾਂ ਹਨ ਜੋ ਕਿ ਰਾਜ ਦੇ ਲੋਕਾਂ ਦੀ ਬੈਂਕਿੰਗ ਅਤੇ ਕਰਜ਼ਾ ਜ਼ਰੂਰਤਾਂ ਨੂੰ ਪੂਰਾ ਕਰਦੀਆਂ ਹਨ।ਵੇਰਵਾ ਹੇਠ ਲਿਖੇ ਅਨੁਸਾਰ ਹੈ:-

**(ਰਕਮ ਲੱਖਾਂ ਵਿੱਚ)**

| ਲੜੀ ਨੰ. | ਵੇਰਵਾ | 2015-2016 | 2016-2017 |
|---|---|---|---|
| 1 | ਮੈਂਬਰਾਂ ਦੀ ਗਿਣਤੀ (ਅਸਲ) | 545821 | 546814 |
| 2 | ਹਿੱਸੇਦਾਰੀ | 38103.05 | 37985.29 |
| 3 | ਆਪਣੇ ਫੰਡ | 192860.68 | 197164.91 |
| 4 | ਅਮਾਨਤਾਂ | 1238314.64 | 1344647.74 |
| 5 | ਕਾਰਜ ਪੂੰਜੀ | 2072243.74 | 2159219.81 |
| 6 | ਜਾਰੀ ਕੀਤੇ ਕਰਜ਼ੇ | 1878952.17 | 1504631.31 |
| 7 | ਲਾਭ ਦੀ ਰਕਮ | +2266.73 | 1517.36 |
| 8 | ਏ ਸ੍ਰੈਣੀ ਦੇ ਬੈਂਕਾਂ ਦੀ ਗਿਣਤੀ | 17 | 17 |

ਗੈਰ ਖੇਤੀ ਖੇਤਰ ਦੀਆਂ ਸਕੀਮਾਂ ਅਧੀਨ ਰਾਜ ਦੇ ਸਾਰੇ ਕੇਂਦਰੀ ਸਹਿਕਾਰੀ ਬੈਂਕਾਂ ਨੇ ਖਾਸ ਕਰਕੇ ਪੇਂਡੂ ਖੇਤਰਾਂ ਵਿੱਚ ਬੇਰੁਜ਼ਗਾਰ ਨੌਜਵਾਨਾਂ ਨੂੰ ਕਰਜ਼ੇ ਜਾਰੀ ਕਰਨ ਦੀ ਸਕੀਮ ਅਰੰਭ ਕੀਤੀ ਹੈ। ਇਸ ਸਕੀਮ ਅਧੀਨ ਖਾਸ ਕੰਮਾਂ ਲਈ ਬੈਂਕ ਸਿੱਧਾ ਹੀ ਵਿਅਕਤੀਆਂ ਨੂੰ ਕਰਜ਼ਾ ਜਾਰੀ ਕਰਦੇ ਹਨ।ਇਸ ਨੇ ਪੇਂਡੂ ਖੇਤਰ ਵਿੱਚ ਰੁਜ਼ਗਾਰ ਮੁਹੱਈਆ ਕਰਾਉਣ ਵਿੱਚ ਤੇਜ਼ੀ ਲਿਆਂਦੀ ਹੈ।ਇਨ੍ਹਾਂ ਸਹਿਕਾਰੀ ਬੈਂਕਾਂ ਦੁਆਰਾ ਨਵੀਆਂ  ਕਿਸਮਾਂ ਦੇ ਕਰਜ਼ੇ ਜਾਰੀ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ।

- **ਦੀ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ. ਚੰਡੀਗੜ੍ਹ।**

ਦੀ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ: (ਪੀ.ਐਸ.ਸੀ.ਏ.ਡੀ.ਬੀ.) ਸਾਲ 1958 ਵਿੱਚ ਰਜਿਸਟਰ ਕੀਤਾ ਗਿਆ ਸੀ। ਜਿਸਦਾ ਮੁੱਖ ਮੰਤਵ ਕਿਸਾਨਾਂ ਨੂੰ ਖੇਤੀਬਾੜੀ ਅਤੇ ਹੋਰ ਸਹਾਇਕ ਧੰਦਿਆਂ ਲਈ ਲੰਬੇ ਸਮੇਂ ਦੇ ਕਰਜੇ ਮੁਹੱਈਆ ਕਰਵਾਉਣਾ ਹੈ।ਰਾਜ ਵਿੱਚ 89 ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ (ਪੀ.ਏ.ਡੀ.ਬੀ) ਕੰਮ ਕਰਦੇ ਹਨ।ਬੈਂਕ ਨੇ ਛੋਟੇ ਸਿੰਚਾਈ ਪ੍ਰੋਜੈਕਟਾਂ ਅਤੇ ਟਰੈਕਟਰਾਂ ਦੀ ਖਰੀਦ ਲਈ ਕਰਜ਼ੇ ਮੁਹੱਈਆ ਕਰਵਾਕੇ ਸ਼ਲਾਘਾਯੋਗ ਕੰਮ ਕੀਤਾ ਹੈ।ਚਿੱਟੇ ਅਤੇ ਹਰੇ ਇੰਨਕਲਾਬ ਲਈ ਜਰੂਰਤ ਦੀਆਂ ਵਸਤਾਂ ਮੁਹੱਈਆ ਕਰਵਾ ਕੇ ਆਪਣੇ ਕਰਜ਼ੇ ਦੀਆਂ ਸਕੀਮਾਂ ਵਿੱਚ ਵਿਭਿੰਨਤਾ ਲਿਆਂਦੀ ਹੈ।ਉਪਰੋਕਤ ਤੋਂ ਇਲਾਵਾ ਬੈਂਕ ਵੱਲੋਂ ਨਾਨ ਫਾਰਮ ਸੈਕਟਰ ਜਿਵੇਂ ਆਟਾ ਚੱਕੀ, ਆਰਾ ਮਸ਼ੀਨ, ਰੈਸਟੋਰੈਂਟ, ਛੋਟੀ ਗੱਡੀ ਲਈ, ਪਸ਼ੂਆ ਲਈ, ਮੁਰਗੀ ਪਾਲਣ ਲਈ ਅਤੇ ਹੋਰ ਕਈ ਧੰਦਿਆਂ ਲਈ ਵੀ ਕਰਜ਼ਾ ਦਿੱਤਾ ਜਾਦਾ ਹੈ।ਬੈਂਕ ਵੱਲੋਂ ਹੋਰ ਕਈ ਨਵੀਆਂ ਸਕੀਮਾਂ ਸੁਰੂਕੀਤੀਆਂ ਹਨ, ਜਿਸ ਵਿੱਚ ਪੇਂਡੂ ਮਕਾਨ ਉਸਾਰੀ, ਲੰਬੇ ਸਮੇਂ ਦੇ ਖੇਤੀਬਾੜੀ ਸਬੰਧੀ ਕਰਜ਼ੇ, ਉਚ ਸਿਖਿਆ ਲਈ ਕਰਜ਼ਾ, ਵਰਖਾ ਦੇ ਪਾਣੀ ਦੀ ਸਾਂਭ ਸੰਭਾਲ ਲਈ ਟੈਂਕ ਬਣਾਉਣ ਲਈ ਕਰਜ਼ੇ, ਮੁਰਗੀ ਪਾਲਣ ਅਤੇ ਦੁੱਧ ਨਾਲ ਸਬੰਧਿਤ ਕਾਰੋਬਾਰ ਲਈ ਯੂਨਿਟ ਸਥਾਪਿਤ ਕਰਨ ਲਈ, ਜੀਵਾਣੂਖਾਦ ਤਿਆਰ ਕਰਨ ਦਾ ਯੂਨਿਟ ਸਥਾਪਿਤ ਕਰਨ ਲਈ ਕਰਜ਼ਾ ਦੇਣਾ ਸ਼ਾਮਿਲ ਹੈ।ਇਸਤਰੀ ਸ਼ਸ਼ਕਤੀਕਰਨ ਸਬੰਧੀ ਬੈਂਕ ਵੱਲੋਂ ਹਰੇਕ ਬੈਂਕ ਵਿੱਚ ਇਕ ਅਲੱਗ ਇਸਤਰੀ ਵਿਕਾਸ ਸੈਲ ਵੀ ਸਥਾਪਿਤ ਕੀਤਾ ਗਿਆ ਹੈ ਅਤੇ ਇਸ ਦੇ ਨਾਲ ਹੀ ਬੈਂਕ ਵੱਲੋਂ ਕਿਸਾਨਾਂ ਦੀਆਂ ਸਮਸਿਆਵਾਂ ਨੂੰ ਹੱਲ ਕਰਨ ਲਈ ਹਰੇਕ ਬੈਂਕ ਵਿੱਚ ਕਿਸਾਨ ਕਲੱਬ ਸਥਾਪਿਤ ਕੀਤੇ ਗਏ ਹਨ।

**(ਰਕਮ ਲੱਖਾਂ ਵਿੱਚ)**

| ਲੜੀ ਨੰ. | ਵੇਰਵਾ | 2015-2016 | 2016-2017 |
|---|---|---|---|
| 1 | ਮੈਬਰਾਂ ਦੀ ਗਿਣਤੀ (ਇਕਾਈਆਂ ਵਿੱਚ) | 89 | 89 |
| 2 | ਹਿੱਸੇਦਾਰੀ | 7586.65 | 7665.94 |
| 3 | ਆਪਣੇ ਫੰਡ | 46245.99 | 44971.23 |
| 4 | ਕਾਰਜਪੂੰਜੀ | 363169.25 | 346758.59 |
| 5 | ਜਾਰੀ ਕੀਤਾ ਕਰਜ਼ਾ | 55979.94 | 49022.07 |
| 6 | ਕਾਰੋਬਾਰੀ ਲੈਣਦੇਣ | 337263.21 | 305067.57 |
| 7 | ਲਾਭ/ਹਾਨੀ | +2542.31 | 1081.09 |

- **ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ।**

ਸਾਲ 2016-17 ਦੇ ਅੰਤ ਤੇ ਰਾਜ ਅੰਦਰ 89 ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਸਨ। ਇਹ ਬੈਂਕ ਖੇਤੀਬਾੜੀ ਅਤੇ ਗੈਰ ਖੇਤੀਬਾੜੀ ਦੀਆਂ ਦੋਵੇਂ ਜ਼ਰੂਰਤਾਂ ਲਈ ਕਿਸਾਨਾਂ ਨੂੰ ਲੰਬੇ ਸਮੇਂ ਦੇ ਕਰਜ਼ੇ ਦਿੰਦੇ ਹਨ। ਤੁਲਨਾਤਮਕ ਅੰਕੜੇ ਹੇਠਾਂ ਦਿੱਤੇ ਗਏ ਹਨ:-

(ਰਕਮ ਲੱਖਾਂ ਵਿੱਚ)

| ਲੜੀ ਨੰ. | ਵੇਰਵਾ | 2015-2016 | 2016-2017 |
|---|---|---|---|
| 1 | ਮੈਂਬਰਾਂ ਦੀ ਗਿਣਤੀ | 920074 | 935690 |
| 2 | ਹਿੱਸੇਦਾਰੀ | 16952.44 | 16813.82 |
| 3 | ਆਪਣੇ ਫੰਡ | 72910.15 | 83461.76 |
| 4 | ਕਾਰਜ ਪੂੰਜੀ | 413954.36 | 431899.30 |
| 5 | ਜਾਰੀ ਕੀਤੇ ਕਰਜ਼ੇ | 63438.34 | 69836.38 |

- **ਮੰਡੀਕਰਣ ਸਹਿਕਾਰੀ ਸਭਾਵਾਂ।**

ਦੀ ਪੰਜਾਬ ਰਾਜ ਸਹਿਕਾਰੀ ਸਪਲਾਈ ਐਂਡ ਮਾਰਕੀਟਿੰਗ ਫੈਡਰੇਸ਼ਨ ਲਿਮ: ਚੰਡੀਗੜ੍ਹ (ਮਾਰਕਫੈਡ) ਇਸ ਦੇ ਸੰਖੇਪ ਨਾਮ ਮਾਰਕਫੈਡ ਨਾਲ ਜਾਣਿਆ ਜਾਂਦਾ ਹੈ।ਮਾਰਕਫੈਡ ਮਿਤੀ 02.09.1954 ਨੂੰ ਆਪਣੇ 53 ਮੈਂਬਰਾਂ ਨਾਲ ਰਜਿਸਟਰ ਹੋਈ ਸੀ। ਮਿਤੀ 31.3.2017 ਨੂੰ ਇਸ ਸੰਘ ਦੇ ਮੈਂਬਰਾਂ ਦੀ ਗਿਣਤੀ 3099 ਸੀ। ਇਸ ਨੇ ਆਪਣਾ ਕਾਰਜ਼ ਖੇਤਰ ਵਧਾ ਲਿਆ ਹੈ, ਕਿਉਕਿ ਇਸ ਦੀਆਂ ਵਸਤਾਂ ਦਾ ਭਾਰਤ ਅਤੇ ਸੰਸਾਰ ਦੇ ਹੋਰ ਦੇਸਾਂ ਵਿੱਚ ਮੰਡੀਕਰਣ ਕੀਤਾ ਜਾਂਦਾ ਹੈ।ਇਹ ਏਸ਼ੀਆ ਦਾ ਸੱਭ ਤੋ ਵੱਡਾ ਸਹਿਕਾਰੀ ਉਦਮ ਹੈ ਜਿਹੜਾ ਕਿ ਕਿਸਾਨਾਂ ਦੀ ਵਸਤਾਂ ਦਾ ਮੰਡੀਕਰਣ ਪ੍ਰਾਇਮਰੀ ਸਹਿਕਾਰੀ ਮੰਡੀਕਰਣ ਸਭਾਵਾਂ ਰਾਂਹੀ ਕਰਨ ਵਿੱਚ ਉਨ੍ਹਾਂ ਦੀ ਮੱਦਦ ਕਰਦਾ ਹੈ।ਇਸ ਦੇ 17 ਜਿਲ੍ਹਾ ਦਫਤਰ ਹਨ ਅਤੇ ਮੁੱਖ ਦਫਤਰ ਚੰਡੀਗੜ੍ਹ ਵਿਖੇ ਹੈ। ਇਹ ਇਸ ਦੇ ਨਾਲ ਜੁੜੀਆਂ ਹੋਈਆਂ ਪੈਕਸ (ਪ੍ਰਾਇਮਰੀ ਐਗਰੀ: ਕੋਆਪ: ਸੁਸਾਇਟੀ) ਅਤੇ ਸਹਿਕਾਰੀ ਮੰਡੀਕਰਣ ਸਭਾਵਾਂ ਅਤੇ ਇਸ ਦੀਆਂ ਸ਼ਾਖਾਵਾਂ ਅਤੇ ਖੇਤੀ ਸੇਵਾ ਕੇਂਦਰਾਂ (ਐਗਰੋ ਸਰਵਿਸ ਸੈਂਟਰਜ) ਰਾਹੀਂ ਵਧੀਆ ਰਸਾਇਣਕ ਖਾਦਾਂ, ਹਾਨੀਕਾਰਕ ਜੀਵ ਜੰਤੂਆਂ ਨੂੰ ਮਾਰਨ ਵਾਲੀਆਂ ਅਤੇ ਕੀੜੇਮਾਰ ਦਵਾਈਆਂ ਕਿਸਾਨਾਂ ਨੂੰ ਪੂਰਤੀ ਕਰਕੇ ਉਨ੍ਹਾਂ ਦੀ ਸੇਵਾ ਕਰਦਾ ਹੈ। ਇਹ ਸਰਕਾਰ ਦੀ ਤਰਫ ਤੋਂ ਵਾਜਬ ਕੀਮਤਾਂ ਤੇ ਜਿਣਸ ਦੀ ਖ਼੍ਰੀਦ ਕਰਦਾ ਹੈ ਅਤੇ ਕਿਸਾਨਾਂ ਦੀ ਉਪਜ ਖਾਸ ਕਰਕੇ ਕਣਕ, ਝੋਨਾ, ਕਪਾਹ ਅਤੇ ਸੂਰਜਮੁਖੀ ਦੀ ਉਨ੍ਹਾਂ ਨੂੰ ਘੱਟੋ-ਘੱਟ (ਐਮ.ਐਸ.ਪੀ) ਕੀਮਤ ਦੀ ਪ੍ਰਾਪਤੀ ਯਕੀਨੀ ਬਣਾਉਂਦਾ ਹੈ।ਰਾਜ ਅੰਦਰ ਕਿਸਾਨਾਂ ਨੂੰ ਰਸਾਇਣਕ ਖਾਦ ਦੀ ਪੂਰਤੀ ਕਰਨ ਵਾਲਾ ਸਹਿਕਾਰੀ ਖੇਤਰ ਦਾ ਇਹ ਇੱਕੋ ਇੱਕ ਸਭ ਤੋ ਵੱਡਾ ਸਪਲਾਇਰ ਹੈ। ਇਸਦੇ ਰਾਹੀਂ ਰਸਾਇਣਕ ਖਾਦ ਦੀ ਪੂਰਤੀ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ਰਾਹੀਂ ਕਰਨ ਦੀ ਯੋਜਨਾਂ ਨੂੰ ਕਿਸਾਨਾਂ ਦੀ ਵੱਧ ਤੋ ਵੱਧ ਜਰੂਰਤ ਨੂੰ ਪੂਰਾ ਕਰਨ ਲਈ ਸਮੇਂ ਸਮੇਂ ਤੇ ਸੋਧਿਆ ਗਿਆ ਹੈ।

1 **ਖਰੀਦ** : ਇਹ ਮਾਰਕਫੈਂਡ ਦੀਆਂ ਪ੍ਰਮੁੱਖ ਗਤੀਵਿੱਧੀਆਂ ਵਿਚੋਂ ਇੱਕ ਹੈ।ਮਾਰਕਫੈਂਡ ਭਾਰਤ ਸਰਕਾਰ/ਐਫ.ਸੀ.ਆਈ.ਲਈ ਕਣਕ, ਝੋਨਾ ਘੱਟੋਂ ਘੱਟ ਸਮਰਥਨ ਮੁੱਲ ਪਾਲਿਸੀ (ਐਮ.ਐਸ.ਪੀ.) ਤਹਿਤ ਖਰੀਦ ਕਰਦੀ ਹੈ।

ੳ) **ਕਣਕ:** ਵਿਚਾਰ ਅਧੀਨ ਸਮੇਂ ਦੌਰਾਨ ਕਣਕ ਦੀ ਖਰੀਦਅਤੇ ਡਿਸਪੈਚ ਹੇਠ ਅਨੁਸਾਰ ਹੈ:

**ਅੰਕੜੇ ਮਾਤਰਾ ਲੱਖ ਮੀ.ਟਨ**

| ਲੜੀ ਨੰ. | ਕਣਕ ਗਤੀਵਿਧੀ | 2015-16 | 2016-17 |
|---|---|---|---|
| 1 | ਖਰੀਦ | 20.98 | 21.52 |

**ਅ) ਝੋਨਾ/ਚਾਵਲ**

ਮਾਰਕਫੈਂਡ ਵਲੋਂ ਝੋਨੇ ਦੀ ਵਿਚਾਰ ਅਧੀਨ ਸਮੇਂ ਦੌਰਾਨ ਖਰੀਦ ਅਤੇ ਸਬੰਧਤ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਸਾਲ | ਬਜਟ | ਐਫ.ਸੀ.ਆਈ. ਨੂੰ ਚਾਵਲਾਂ ਦੀ ਸਪੁਰਦਗੀ (%) |
|---|---|---|

| | | (ਵਿੱਤੀ ਸਾਲ) |
|---|---|---|
| 2015-16 | 31.40 lac MT | 99.18 (Upto March 2016) |
| 2016-17 | 36.50 lac MT | 64.79(Upto March 2017) |

2. **ਐਗਰੀ-ਇੰਨਪੂਟਸ:-** ਮਾਰਕਫੈੱਡ ਪੰਜਾਬ ਰਾਜ ਵਿੱਚ ਸਹਿਕਾਰੀ ਸਭਾਵਾਂ ਰਾਹੀਂ ਖਾਦਾਂ, ਐਗਰੀ ਕੈਮੀਕਲਜ਼ ਅਤੇ ਬੀਜਾਂ ਆਦਿ ਦੇ ਵਿਤਰਣ ਦਾ ਕੰਮ ਕਰਦੀ ਹੈ ।

ੳ) **ਖਾਦਾਂ**-ਮਾਰਕਫੈੱਡ ਨੂੰ ਪੰਜਾਬ ਰਾਜ ਵਿੱਚ ਪਿਛਲੇ ਕਈ ਸਾਲਾਂ ਤੋਂ ਡੀ.ਏ.ਪੀ. ਖਾਦ ਦੀ ਸਹਿਕਾਰੀ ਸਭਾਵਾਂ ਰਾਹੀ ਖਰੀਦ/ਪ੍ਰਾਪਤੀ ਅਤੇ ਵੰਡ ਕਰਨ ਲਈ ਨੋਡਲ ਏਜੰਸੀ ਦੇ ਤੌਰ ਤੇ ਨਿਯੁਕਤ ਕੀਤਾ ਗਿਆ ਹੈ।ਰਾਜ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਸੁਰੱਖਿਆ ਲਈ ਮਾਰਕਫੈੱਡ ਤੇ ਨਿਰਭਰ ਕਰਦੀ ਹੈ।ਵਿਚਾਰ ਅਧੀਨ ਸਮੇਂ ਦੌਰਾਨ ਖਾਦਾਂ ਦੀ ਵਿਕਰੀ ਨਿਮਨ ਲਿਖਿਤ ਅਨੁਸਾਰ ਹੈ:-

**ਅੰਕੜੇ ਲੱਖ ਮੀਟਰਕ ਟਨ**

| **ਖਾਦਾਂ ਦੀ ਵੰਡ** | **2015-16** | **2016-17** |
|---|---|---|
| ਯੂਰੀਆ | 8.59 | 7.98 |
| ਡੀ.ਏ.ਪੀ. | 2.53 | 2.60 |
| ਹੋਰ ਖਾਦਾਂ | 0.01 | 0.37 |
| ਕੁੱਲ ਖਾਦਾਂ | 11.13 | 10.95 |

ਅ)**ਐਗਰੋ ਕੈਮੀਕਲਸ**-ਐਗਰੋ ਕੈਮੀਕਲਜ ਦੀ ਵਿਕਰੀ ਵਿਚਾਰ ਅਧੀਨ ਸਮੇਂ ਦੌਰਾਨ ਹੇਠ ਲਿਖੇ ਅਨੁਸਾਰ ਹੈ:-

| **ਐਗਰੋ ਕੈਮੀਕਲਜ** | **2015-16** | **2016-17** |
|---|---|---|
| ਵਿਕਰੀ (ਰੁਪਏ ਕਰੋੜਾਂ ਵਿੱਚ) | 67.22 | 39.06 |

3 **ਖਾਧ ਪਦਾਰਥਾਂ ਅਤੇ ਨਾਂਖਾਣਯੋਗ ਵਸਤਾਂ ਦਾ ਉਤਪਾਦਨ-** ਮਾਰਕਫੈਡ ਦੇ ਖੇਤੀ ਅਧਾਰਿਤ 4 ਪ੍ਰੋਸੈਸਿੰਗ ਯੂਨਿਟ ਹਨ,ਜਿਨ੍ਹਾਂ ਰਾਹੀਂ ਸੋਹਣਾ ਬਰਾਂਡ, ਵਨਾਸਪਤੀ,ਰੀਫਾਈਂਡ ਤੇਲ, ਡੱਬਾ ਬੰਦ ਫੂਡ ਵਸਤਾਂ ਅਤੇ ਪਸ਼ੂ ਖੁਰਾਕ ਦਾ ਉਤਪਾਦਨ ਕੀਤਾ ਜਾਂਦਾ ਹੈ।

4. **ਖਾਣ ਯੋਗ ਉਤਪਾਦ**

**ੳ) ਮਾਰਕਫੈਡ ਵਨਾਸਪਤੀ ਐਂਡ ਅਲਾਈਡ ਇੰਡਸਟਰੀਜ, ਖੰਨਾ**-ਵਨਾਸਪਤੀ ਅਤੇ ਰੀਫਾਈਂਡ ਤੇਲ ਦੀਆਂ ਅਲੱਗਅਲੱਗ ਕਿਸਮਾਂ ਦਾ ਜਿਵੇਂ ਕਿ ਕਾਟਨਸੀਡ, ਸੂਰਜਮੁੱਖੀ, ਸਰ੍ਹੋਂ, ਮੂੰਗਫਲੀ ਅਤੇ ਸੋਇਆਬੀਨ ਦੇ ਤੇਲ ਦਾ ਉਤਪਾਦਨ ਕਰਦਾ ਹੈ।ਇਹ ਯੂਨਿਟ ਕੱਚੀਘਾਣੀਅਤੇ ਪੱਕੀਘਾਣੀ ਸਰੋਂ ਦੇ ਤੇਲ ਦਾ ਉਤਪਾਦਨ ਵੀ ਕਰਦਾ ਹੈ।ਚੰਗੀ ਮਾਰਕੀਟਿੰਗ/ਬੰਦੋਬਸਤ ਲਈ ਇਹ ਪਲਾਂਟ ਵਨਾਸਪਤੀ,ਆਟਾ ਅਤੇ ਨਮਕ ਬਾਹਰੀ ਸੋਮਿਆਂ ਤੋਂ ਵੀ ਪ੍ਰਾਪਤ ਕਰਦਾ ਹੈ।ਵਨਾਸਪਤੀ ਅਤੇ ਤੇਲਾਂ ਦਾ ਵਿਚਾਰ ਅਧੀਨ ਸਮੇਂ ਦੌਰਾਨ ਉਤਪਾਦਨ/ਵਿਕਰੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| **ਖੰਨਾ ਪਲਾਂਟ** | **2015-16** | **2016-17** |
|---|---|---|
| ਵਨਾਸਪਤੀ ਅਤੇ ਤੇਲ, ਉਤਪਾਦਨ (ਕਿਲੋ.ਲੀ.) | 23001 | 28268 |
| ਵਨਾਸਪਤੀ ਅਤੇ ਤੇਲ, ਵਿਕਰੀ (ਕਿਲੋ.ਲੀ.) | 23321 | 28751 |
| ਆਟਾ (ਐਮ.ਟੀ.) | 789 | 695 |
| ਨਮਕ (ਐਮ.ਟੀ.) | 329 | 245 |

ਅ) **ਮਾਰਕਫੈਡ ਕੈਨਰੀਜ਼, ਜਲੰਧਰ**-ਦੁਆਰਾ ਖਾਣ ਲਈ ਤਿਆਰ ਡੱਬਾਬੰਦ ਫੂਡ ਵਸਤਾਂ ਜਿਵੇਂ ਕਿ ਸਰੋਂ ਦਾ ਸਾਗ, ਦਾਲ, ਮਟਰਪਨੀਰ, ਸ਼ਹਿਦ, ਚਟਪਟਾ ਚਨਾ,ਕੜ੍ਹੀ ਪਕੌੜਾ, ਪਾਲਕ ਪਨੀਰ, ਕਾਲਾ ਚਨਾ, ਰਾਜਮਾਹ, ਆਲੂ ਮੇਥੀ, ਆਲੂ ਪਾਲਕ ਆਦਿ ਤਿਆਰ ਕੀਤੇ ਜਾਂਦੇ ਹਨ।ਇਸ ਤੋਂ ਇਲਾਵਾ ਬੋਤਲ ਬੰਦ ਵਸਤਾਂ ਜਿਵੇਂ ਕਿ ਟਮੈਟੋਕੈਚਅੱਪ, ਟੋਮੈਟੋਪਿਊਰੀ, ਮਿਕਸਡ ਫਰੂਟ ਜੈਮ, ਸਿਰਕਾ, ਸ਼ਹਿਦ ਅਤੇ ਫਲਾਂ ਦੇ ਜੂਸ ਆਦਿ ਦਾ ਵੀ ਉਤਪਾਦਨ ਕੀਤਾ ਜਾਂਦਾ ਹੈ।ਇਹ ਮੁੱਖ ਤੌਰ ਤੇ ਨਿਰਯਾਤ

ਸਨਮੁੱਖ ਯੂਨਿਟ ਹੈ ਅਤੇ 80% ਉੱਤਰ ਭਾਰਤੀ ਦੇ ਐਥਨਿਕ ਫੂਡ ਦਾ ਨਿਰਯਾਤ ਅਮਰੀਕਾ, ਕਨਾਡਾ, ਯੋਰਪ, ਮਿਡਲਈਸਟ, ਆਸਟ੍ਰੇਲੀਆ, ਨਿਊਜੀਲੈਂਡ ਆਦਿ ਮੁਲਕਾਂ ਨੂੰ ਕੀਤਾ ਜਾਂਦਾ ਹੈ।ਇਸ ਯੂਨਿਟ ਦੁਆਰਾ ਭਾਰਤੀ ਸੈਨਾ ਨੂੰ ਆਰਮੀ ਪ੍ਰਚੇਜ ਆਰਗੇਨਾਈਜੇਸ਼ਨ (ਏ.ਪੀ.ਓ.)ਰਾਹੀਂ ਮਾਲ ਸਪਲਾਈ ਵੀ ਕੀਤਾ ਜਾਂਦਾ ਹੈ।ਹਾਲ ਵਿੱਚ ਮਾਰਕਫੈੱਡ ਕੈਨਰੀਜ ਜਲੰਧਰ ਦੁਆਰਾ ਪਾਲਕ ਪਿਊਰੀ ਦਾ ਉਤਪਾਦਨ ਸ਼ੁਰੂ ਕੀਤਾ ਗਿਆ ਹੈ।

**ਪ੍ਰੋਜੈਕਟ ਸਥਾਪਿਤ ਕੀਤੇ ਗਏ**

**ਕਪੂਰਥਲਾ ਕੈਟਲ ਫੀਡ ਪਲਾਂਟ:** ਇਸ ਪਲਾਂਟ ਨੇ ਸਾਲ 2016-17 ਵਿੱਚ 4.65 ਕਰੋੜ ਦਾ ਲਾਭ ਕਮਾਇਆ ਅਤੇ ਸਾਲ 2016-17 ਦੋਰਾਨ 7112.08 ਲੱਖ ਦੀ ਸੇਲ ਕੀਤੀ।

**ਗਿਦੜਬਾਹਾ ਕੈਟਲ ਫੀਡ ਪਲਾਂਟ:**ਇਸ ਪਲਾਂਟ ਨੇ ਸਾਲ 2016-17 ਵਿੱਚ 2.52 ਕਰੋੜ ਦਾ ਲਾਭ ਕਮਾਇਆ ਅਤੇ ਸਾਲ 2016-17 ਦੋਰਾਨ 4595.73 ਲੱਖ ਦੀ ਸੇਲ ਕੀਤੀ।

**ਮੋਹਾਲੀ ਪਲਾਂਟ:** ਇਸ ਪਲਾਂਟ ਨੇ ਸਾਲ 2016-17 ਵਿੱਚ 3.70 ਕਰੋੜ ਦਾ ਲਾਭ ਕਮਾਇਆ ਅਤੇ ਸਾਲ 2016-17 ਦੋਰਾਨ 3912.43 ਲੱਖ ਦੀ ਸੇਲ ਕੀਤੀ।

ਰਿਪੋਰਟ ਅਧੀਨ ਸਾਲ ਦੋਰਾਨ ਇਸ ਸੰਘ ਦੀਆਂ ਪ੍ਰਾਪਤੀਆਂ ਹੇਠ ਅਨੁਸਾਰ ਦਿੱਤੀਆਂ ਗਈਆਂ ਹਨ:-

**(ਰਕਮ ਲੱਖਾਂ ਵਿੱਚ)**

| ਲੜੀ ਨੰ. | ਵੇਰਵਾ | 2015-2016 | 2016-2017 |
|---|---|---|---|
| 1 | ਕੁੱਲ ਹਿੱਸੇਦਾਰੀ | 2651.37 | 2006.07 |
| 2 | ਆਪਣੇ ਫੰਡ | 28744.27 | 28074.25 |
| 3 | ਕਾਰਜ ਪੂੰਜੀ | 1225408.63 | 1032107.21 |
| 4 | ਖ੍ਰੀਦ ਕੀਤੀ ਗਈ ਖੇਤੀ ਉਪਜ ਦੀ ਕੀਮਤ | 91790.05 | 1060676.54 |
| 5 | ਕਾਰੋਬਾਰੀ ਲੈਣ ਦੇਣ | 2647593.96 | 3150804.61 |

- **ਪ੍ਰਾਇਮਰੀ ਸਹਿਕਾਰੀ ਮੰਡੀਕਰਣ ਸਭਾਵਾਂ।**

ਸਾਲ2016-17 ਦੇ ਅੰਤ ਤੇ ਰਾਜ ਅੰਦਰ 84 ਪ੍ਰਾਇਮਰੀ ਸਹਿਕਾਰੀ ਮੰਡੀਕਰਣ ਸਭਾਵਾਂ ਸਨ, ਜਿਨ੍ਹਾ ਵਿੱਚੋ 78 ਕੰਮ ਕਰ ਰਹੀਆਂ ਸਨ, 6 ਸਮਾਪਤੀ ਅਧੀਨ ਸਨ।ਇਨ੍ਹਾਂ ਸਹਿਕਾਰੀ ਮੰਡੀਕਰਣ ਸਭਾਵਾਂ ਦੁਆਰਾ ਕੀਤੀ ਗਈ ਪ੍ਰਗਤੀ ਹੇਠ ਲਿਖੇ ਅਨੁਸਾਰ ਹੈ :-

**(ਰਕਮ ਲੱਖਾਂ ਵਿੱਚ)**

| ਲੜੀ ਨੰ. | ਵੇਰਵਾ | 2015-2016 | 2016-2017 |
|---|---|---|---|
| 1 | ਸਹਿਕਾਰੀ ਮੰਡੀਕਰਣ ਸਭਾਵਾਂ ਦੀ ਗਿਣਤੀ | 83 | 84 |
| 2 | ਮੈਬਰਾਂ ਦੀ ਗਿਣਤੀ | 56311 | 56998 |
| 3 | ਹਿੱਸੇਦਾਰੀ | 119.49 | 284.99 |
| 4 | ਆਪਣੇ ਫੰਡ | 4455.29 | 4771.91 |
| 5 | ਕਾਰਜਪੂੰਜੀ | 7857.62 | 9749.38 |
| 6 | ਖਰੀਦ ਕੀਤੀ ਗਈ ਖੇਤੀ ਉਪਜ ਦੀ ਕੀਮਤ | 192468.64 | 196342.18 |

ਰਿਪੋਰਟ ਅਧੀਨ ਸਾਲ ਦੌਰਾਨ ਉਪਰ ਦਿਤੀਆਂ 84 ਸਹਿਕਾਰੀ ਮੰਡੀਕਰਣ ਸਭਾਵਾਂ ਵਿੱਚੋਂ 67 ਸਭਾਵਾਂ ਨੇ 646.71 ਲੱਖ ਰੁਪਏ ਦਾ ਮੁਨਾਫਾ ਕਮਾਇਆ ਸੀ ਅਤੇ 11 ਸਭਾਵਾਂ 44.60 ਲੱਖ ਰੁਪਏ ਦੇ ਘਾਟੇ ਵਿੱਚ ਸਨ ਅਤੇ 6 ਸਭਾਵਾਂ ਨਾ ਲਾਭ ਨਾ ਹਾਨੀ ਵਿੱਚ ਹਨ।

- **ਦੁੱਧ ਸਹਿਕਾਰੀ ਸਭਾਵਾਂ**

ਸ਼ਿਖਰ ਪੱਧਰ ਤੇ ਦੀ ਪੰਜਾਬ ਰਾਜ ਸਹਿਕਾਰੀ ਦੁੱਧ ਉਤਪਾਦਕ ਯੂਨੀਅਨਾਂ ਦਾ ਸੰਘ (ਮਿਲਕਫੈਡ), ਕੇਂਦਰੀ ਪੱਧਰ ਤੇ ਜਿਲ੍ਹਾ ਸਹਿਕਾਰੀ ਦੁੱਧ ਉਤਪਾਦਕਾਂ ਦੀਆਂ ਯੂਨੀਅਨਾਂ ਅਤੇ ਪ੍ਰਾਇਮਰੀ ਪੱਧਰ ਤੇ ਪ੍ਰਾਇਮਰੀ ਸਹਿਕਾਰੀ ਦੁੱਧ ਉਤਪਾਦਕਾਂ ਦੀਆਂ ਸਭਾਵਾਂ, ਦੁੱਧ ਉਤਪਾਦਕਾਂ ਦੀ ਸੇਵਾ ਕਰ ਰਹੀਆਂ ਹਨ। ਇਨ੍ਹਾਂ ਸਹਿਕਾਰੀ ਸਭਾਵਾਂ ਦੀ ਬਦੋਲਤ ਅੱਜ ਦੇ ਕਿਸਾਨ ਜਿਆਦਾ ਸੂਚਨਾ ਅਤੇ ਤਕਨੀਕੀ

ਜਾਣਕਾਰੀ ਨਾਲ ਲੈਸ ਹਨ। ਸਹਿਕਾਰੀ ਦੁੱਧ ਅੰਦੋਲਨ ਦਾ ਮੁੱਢਲਾ ਨਿਸ਼ਾਨਾ ਸਾਰਾ ਸਾਲ ਪਿੰਡ ਪੱਧਰ ਤੇ ਵਾਧੂ ਦੁੱਧ ਦੇ ਇਕ ਤੁਬਕੇ ਤੱਕ ਦਾ ਮੰਡੀਕਰਣ ਯਕੀਨੀ ਕਰਾਉਣਾ ਅਤੇ ਵਾਜਬ ਕੀਮਤ ਦਿਵਾਉਣਾ ਹੈ ਅਤੇ ਸਹਿਕਾਰੀ ਸਭਾਵਾਂ ਦੀ ਅਤੇ ਉਨ੍ਹਾਂ ਦੇ ਉਤਪਾਦਕ ਮੈਂਬਰਾਂ ਦੀ ਆਮਦਨ ਨੂੰ ਵਧਾਉਣਾ ਹੈ ਤਾਂ ਜੋ ਕਿਸਾਨਾਂ ਦੇ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਦੇ ਜੀਵਨ ਪੱਧਰ ਨੂੰ ਉਚਾ ਚੁੱਕਣ ਵਿੱਚ ਯੋਗਦਾਨ ਪਾਇਆ ਜਾ ਸਕੇ।

## ਦੀ ਪੰਜਾਬ ਰਾਜ ਸਹਿਕਾਰੀ ਦੁੱਧ ਉਤਪਾਦਕ ਯੂਨੀਅਨਾਂ ਦਾ ਸੰਘ ਲਿਮ. ਚੰਡੀਗੜ੍ਹ।

ਦੀ ਪੰਜਾਬ ਰਾਜ ਸਹਿਕਾਰੀ ਦੁੱਧ ਉਤਪਾਦਕ ਯੂਨੀਅਨਾਂ ਦਾ ਸੰਘ (ਮਿਲਕਫੈਡ) ਮਿਤੀ 01-12-1973 ਨੂੰ ਤਿੰਨ ਮੈਂਬਰਾਂ ਨਾਲ ਰਜਿਸਟਰ ਕੀਤੀ ਗਈ ਸੀ। ਇਹ ਜਿਲ੍ਹਾ ਸਹਿਕਾਰੀ ਦੁੱਧ ਉਤਪਾਦਕਾਂ ਦੀਆਂ ਯੂਨੀਅਨਾਂ ਦੀ ਸ਼ਿਖਰ ਸੰਸਥਾ ਹੈ ।ਇਸ ਦਾ ਮੁੱਢਲਾ ਨਿਸ਼ਾਨਾਂ ਯੂਨੀਅਨਾਂ ਦੇ ਦੁੱਧ ਅਤੇ ਦੁੱਧ ਤੋਂ ਬਣੀਆਂ ਵਸਤਾਂ ਲਈ ਸਥਾਈ ਮੰਡੀ ਪ੍ਰਦਾਨ ਕਰਨਾ ਹੈ। ਸਾਲ ਦੇ ਅੰਤ ਤੇ ਇਸ ਸੰਘ ਦੇ ਮੈਂਬਰਾਂ ਦੀ ਗਿਣਤੀ 12 ਸੀ ਜਿਸ ਵਿੱਚ 11 ਮਿਲਕ ਯੂਨੀਅਨਾਂ ਅਤੇ ਰਾਜ ਸਰਕਾਰ ਸ਼ਾਮਲ ਹਨ। ਇਸ ਸੰਘਨੇ ਹਰ ਇੱਕ ਦੁੱਧ ਯੂਨੀਅਨ ਨੂੰ ਮੁੜ ਸ਼ਕਤੀ ਪ੍ਰਦਾਨ ਕਰਨ ਹਿੱਤ ਯੋਜਨਾ ਬਣਾਈ ਹੈ। ਮਿਲਕਫੈਡ ਆਪਣੇ ਖੇਤਰੀ ਦਫਤਰਾਂ ਦੇ ਜਾਲ ਅਤੇ ਮਜ਼ਬੂਤ ਵੰਡ ਪ੍ਰਣਾਲੀ ਰਾਹੀਂ ਦੇਸ਼ ਵਿਆਪੀ ਖਪਤਕਾਰਾਂ ਦੀ ਸੇਵਾ ਕਰ ਰਹੀ ਹੈ।ਦੁੱਧ ਉਤਪਾਦਕ ਮੈਂਬਰਾਂ ਨੂੰ ਮਿਲਕ ਯੂਨੀਅਨਾਂ ਤਕਨੀਕੀ ਸੇਵਾਵਾਂ ਮੁਹੱਈਆ ਕਰਾਉਂਦੀਆਂ ਹਨ।ਰਾਜ ਵਿੱਚ 202 ਨਕਲੀ ਗਰਭ ਧਾਰਣ ਕੇਂਦਰ ਹਨ।ਇੱਕ ਮਹੀਨੇ ਦੋਰਾਨ ਲਗਭਗ 26000 ਬਿਮਾਰ ਪਸ਼ੂਆਂ ਦਾ ਇਲਾਜ ਕੀਤਾ ਜਾਂਦਾ ਹੈ ਅਤੇ ਲਗਭਗ 21000 ਪਸ਼ੂਆਂ ਦਾ ਪੈਰ ਅਤੇ ਮੂੰਹ ਦੀ ਬਿਮਾਰੀ ਲਈ" Animal Health Care Pragramme" ਤਹਿਤ ਹਰ ਸਾਲ ਟੀਕਾ ਕਰਣ ਕੀਤਾ ਜਾਂਦਾ ਹੈ।ਸੰਘ ਦੀ ਮੁਕੰਮਲ ਸਥਿਤੀ ਹੇਠਾਂ ਦਿੱਤੀ ਗਈ ਹੈ:-

(ਰਕਮ ਲੱਖਾ ਵਿੱਚ)

| ਲੜੀ ਨੰ. | ਵੇਰਵਾ | 2015-2016 | 2015-2016 |
|---|---|---|---|
| 1 | **ਹਿੱਸੇਦਾਰੀ** | 3072.42 | 3072.42 |
| 2 | **ਆਪਣੇ ਫੰਡ** | 9876.06 | 10856.42 |
| 3 | **ਕਾਰਜ ਪੂੰਜੀ** | 12945.46 | 24564.98 |
| 4 | **ਲਾਭ** | +420.37 | +962.85 |
| 5 | **ਦੁੱਧ ਅਤੇ ਦੁੱਧ ਤੋਂ ਬਣੀਆਂ ਵਸਤਾਂ ਦੀ ਵਿਕਰੀ** | 19704.55 | 24564.98 |
| 6 | **ਕਾਰੋਬਾਰੀ ਲੈਣ ਦੇਣ** | 33265.85 | 32246.95 |

## ਜਿਲ੍ਹਾ ਸਹਿਕਾਰੀ ਦੁੱਧ ਉਤਪਾਦਕ ਯੂਨੀਅਨਾਂ

ਰਿਪੋਰਟ ਅਧੀਨ ਸਾਲ ਦੇ ਅੰਤ ਤੇ 11 ਜਿਲ੍ਹਾ ਸਹਿਕਾਰੀ ਦੁੱਧ ਉਤਪਾਦਕ ਯੂਨੀਅਨਾ (ਡੀ.ਸੀ.ਐਮ.ਪੀ.ਯੂ) ਸਨ ਜਿਨ੍ਹਾ ਵਿੱਚੋਂ 10 ਦੇ ਆਪਣੇ ਦੁੱਧ ਦੇ ਕਾਰਖਾਨੇ ਸਨ।ਇਨ੍ਹਾ ਯੂਨੀਅਨਾ ਦੇ ਮੈਂਬਰਾਂ ਦੀ ਗਿਣਤੀ 7780 ਸੀ। ਦੁੱਧ ਯੂਨੀਅਨਾਂ ਆਪਣੇ ਦੁੱਧ ਉਤਪਾਦਕ ਮੈਂਬਰਾਂ ਨੂੰ ਆਪਣੇ 202 ਮਨਸੂਈ ਗਰਭਦਾਨ ਕੇਂਦਰਾਂ ਰਾਹੀਂ ਤਕਨੀਕੀ ਸੇਵਾਵਾਂ ਪ੍ਰਦਾਨ ਕਰਦੀਆਂ ਹਨ। ਦੁੱਧ ਯੂਨੀਅਨ ਲੁਧਿਆਣਾ ਏਮਬਰੀਇਓ ਟਰਾਂਸਫਰ ਸਹੂਲਤ ਪ੍ਰਦਾਨ ਕਰ ਰਹੀ ਹੈ ਅਤੇ ਦੁੱਧ ਦੀ ਪੈਦਾਵਾਰ ਵਧਾਉਣ ਹਿੱਤ ਇਸ ਦਾ ਦੁਧਾਰੂਪਸੂਆਂ ਦਾ ਸੁਧਾਰ ਕਰਨ ਵਿੱਚ ਵੀ ਆਪਣਾ ਮਹੱਤਵ ਹੈ।ਡੀ.ਸੀ.ਐਮ.ਪੀ. ਯੂਨੀਅਨਾਂ ਦੀ ਮੁਕੰਮਲ ਸਥਿਤੀ ਹੇਠਾਂ ਦਿੱਤੀ ਗਈ ਹੈ:- **(ਰਕਮ ਲੱਖਾ ਵਿੱਚ)**

| ਲੜੀ ਨੰ. | ਵੇਰਵਾ | 2015-16 | 2016-2017 |
|---|---|---|---|
| 1 | ਹਿੱਸੇਦਾਰੀ | 2019.86 | 2037.51 |
| 2 | ਆਪਣੇ ਫੰਡ | 15681.49 | 25861.87 |
| 3 | ਕਾਰਜ ਪੂੰਜੀ | 53288.10 | 6099.49 |
| 4 | ਕਾਰੋਬਾਰੀ ਲੈਣਦੇਣ | 444476.33 | 576005.69 |
| 5 | ਦੁੱਧ ਅਤੇ ਦੁੱਧ ਦੀਆਂ ਤਿਆਰ ਕੀਤੀਆਂ ਵਸਤਾਂ | 163234.25 | 171946.00 |
| 6 | ਦੁੱਧ ਅਤੇ ਦੁੱਧ ਦੀਆਂ ਵਸਤਾਂ ਦੀ ਕੀਤੀ ਗਈ ਵਿਕਰੀ ਕੀਮਤ | 223871.35 | 225456.08 |

## ਪ੍ਰਾਇਮਰੀ ਸਹਿਕਾਰੀ ਦੁੱਧ ਉਦਪਾਦਕ ਸਭਾਵਾਂ

ਮਿਤੀ 31.3.2017ਨੂੰ 6459 ਪ੍ਰਾਇਮਰੀ ਸਹਿਕਾਰੀ ਦੁੱਧ ਉਤਪਾਦਕ ਸਭਾਵਾਂ ਸਨ,ਜਿਨ੍ਹਾਂ ਦੇ ਮੈਂਬਰਾਂ ਦੀ ਗਿਣਤੀ 479209 ਸੀ।ਪਿੰਡ ਪੱਧਰ ਦੀਆਂ ਸਹਿਕਾਰੀ ਸਭਾਵਾਂ ਤੋਂ ਨਿੱਜੀ ਵਾਹਨਾ ਰਾਹੀਂ ਦੁੱਧ ਇਕੱਠਾ ਕੀਤਾ ਜਾਂਦਾ ਹੈ, ਜੋ ਕਿ 5658 ਵਿਅਕਤੀਆਂ ਨੂੰ ਰੁਜ਼ਗਾਰ ਮੁਹੱਈਆ ਕਰਵਾ ਰਹੇ ਹਨ।ਪ੍ਰਗਤੀ ਸਾਰਣੀ ਹੇਠ ਲਿਖੇ ਅਨੁਸਾਰ ਹੈ:-

(ਰਕਮ ਲੱਖਾਂ ਵਿੱਚ)

| ਲੜੀ ਨੰ. | ਵੇਰਵਾ | 2015-16 | 2016-2017 |
|---|---|---|---|
| 1 | ਹਿਸੱਦਾਰੀ | 254.47 | 287.31 |
| 2 | ਆਪਣੇ ਫੰਡ | 5762.97 | 6739.43 |
| 3 | ਕਾਰਜ ਪੂੰਜੀ | 10873.26 | 11531.02 |
| 4 | ਕਾਰੋਬਾਰੀ ਲੈਣ ਦੇਣ | 225777.53 | 232066.98 |
| 5 | ਖ੍ਰੀਦ ਕੀਤੇ ਦੁੱਧ ਦੀ ਕੀਮਤ | 66561.19 | 67673.18 |
| 6 | ਵੇਚੇ ਗਏ ਦੁੱਧ ਦੀ ਕੀਮਤ | 95493.54 | 76540.56 |

**ਚੀਨੀ ਸਹਿਕਾਰੀ ਸਭਾਵਾਂ।**

ਗੰਨਾ ਉਤਪਾਦਕਾਂ ਨੂੰ ਗੰਨੇ ਦੀ ਵਾਜਬ ਕੀਮਤ ਯਕੀਨੀ ਬਣਾਉਣ ਲਈ ਚੀਨੀ ਸਹਿਕਾਰੀ ਸਭਾਵਾਂ ਸਥਾਪਿਤ ਕੀਤੀਆਂ ਗਈਆਂ ਸਨ।ਸਹਿਕਾਰੀ ਚੀਨੀ ਮਿੱਲਾਂ ਨੂੰ ਹੋਰ ਉੱਚਾ ਚੁੱਕਣ ਲਈ ਅਤੇ ਉਨ੍ਹਾਂ ਨੂੰ ਅਗਵਾਈ ਸੇਵਾਵਾਂ ਦੇਣ ਲਈ ਮਿਤੀ 26-10-1966 ਨੂੰ ਦੀ ਪੰਜਾਬ ਰਾਜ ਸਹਿਕਾਰੀ ਚੀਨੀ ਮਿੱਲ ਫੈਡਰੇਸ਼ਨ ਲਿਮ. ਸਥਾਪਿਤ ਕੀਤੀ ਗਈ ਸੀ।ਮਿਤੀ 31-03-2017 ਨੂੰ 15 ਸਹਿਕਾਰੀ ਚੀਨੀ ਮਿਲਾਂ ਅਤੇ ਰਾਜ ਸਰਕਾਰ ਨਾਲ ਇਸ ਸੰਘ ਦੇ ਮੈਂਬਰਾਂ ਦੀ ਗਿਣਤੀ 16 ਬਣਦੀ ਸੀ।ਇਹ ਸੰਘ ਸਹਿਕਾਰੀ ਚੀਨੀ ਮਿਲਾਂ ਦੇ ਹਿੱਤਾਂ ਦਾ ਰਾਸ਼ਟਰੀ ਪੱਧਰ ਅਤੇ ਰਾਜ ਪੱਧਰ ਤੇ ਧਿਆਨ ਰੱਖਦੀ ਹੈ।ਇਹ ਸਹਿਕਾਰੀ ਚੀਨੀ ਮਿੱਲਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਸੇਵਾਵਾਂ ਜਿਵੇਂ ਕਿ ਤਕਨੀਕੀ, ਪ੍ਰਬੰਧਕੀ, ਵਿੱਤੀ ਸੇਵਾਵਾਂ ਆਦਿ ਮੁਹੱਈਆ ਕਰਾਉਂਦੀ ਹੈ। ਇਹ ਸਹਿਕਾਰੀ ਚੀਨੀ ਮਿੱਲਾਂ ਨੂੰ ਟੈਕਸ ਕਾਨੂੰਨਾਂ, ਸਹਿਕਾਰੀ ਕਾਨੂੰਨ ਅਤੇ ਉਨ੍ਹਾਂ ਦੀਆਂ ਹੋਰ ਸਮੱਸਿਆਵਾਂ ਸਬੰਧੀ ਅਗਵਾਈ ਪ੍ਰਦਾਨ ਕਰਦੀ ਹੈ।

**ਸਹਿਕਾਰੀ ਖੰਡ ਮਿੱਲਾਂ ਦੀਆਂ ਸਾਲ 2016-17 ਦੀਆਂ ਪ੍ਰਾਪਤੀਆਂ**

ਸਹਿਕਾਰੀ ਖੰਡ ਮਿੱਲਾਂ ਨੇ ਸਾਲ 2015-16 ਵਿੱਚ 197.09 ਲੱਖ ਕੁਇੰਟਲ ਗੰਨਾ ਪਿੜਿਆ ਸੀ।ਇਸ ਦੇ ਮੁਕਾਬਲੇ ਸਾਲ 2016-17 ਵਿੱਚ 194.05 ਲੱਖ ਕੁਇੰਟਲ ਗੰਨਾ ਪਿੜਿਆ:-

| ਲੜੀ ਨੰ: | ਸਾਲ | ਗੰਨੇ ਦੀ ਪੜਾਈ (ਲੱਖ ਕੁਇੰਟਲ) | ਖੰਡ ਦੀ ਰਿਕਵਰੀ (%) | ਖੰਡ ਦੀ ਪੈਦਾਵਾਰ (ਲੱਖ ਕੁਇੰਟਲ) | ਗੰਨੇ ਹੇਠ ਰਕਬਾ (ਹੈਕਟੇਅਰ) |
|---|---|---|---|---|---|
| 1. | 2016-17 | 194.05 | 9.49 | 18.42 | 58262 |

ਸਹਿਕਾਰੀ ਖੰਡ ਮਿੱਲਾਂ ਸਾਲ 2015-16 ਵਿੱਚ ਗੰਨੇ ਹੇਠ ਕੁੱਲ ਰਕਬਾ 54778 ਹੈਕਟੇਅਰ ਸੀ ਜਿਹੜਾ ਕਿ ਸਾਲ 2016-17 ਵਿੱਚ ਵੱਧ ਕੇ 58262 ਹੈਕਟੇਅਰ ਹੋ ਗਿਆ ਹੈ।ਸਹਿਕਾਰੀ ਖੰਡ ਮਿੱਲਾਂ ਰਾਜ ਸਰਕਾਰ ਦੁਆਰਾ ਸੁਝਾਈ ਕੀਮਤ (State Advised Price) ਜਿਹੜੀ ਕਿ ਕੇਂਦਰ ਸਰਕਾਰ ਦੁਆਰਾ ਨਿਰਧਾਰਤ ਕੀਮਤ (Fair Remunerative Price) ਨਾਲੋਂ ਵੱਧ ਹੁੰਦੀ ਹੈ, ਰਾਜ ਦੇ ਗੰਨਾ ਕਾਸ਼ਤਕਾਰਾਂ ਨੂੰ ਅਦਾ ਕੀਤੀ ਜਾਂਦੀ ਹੈ। ਸਾਲ 2016-17 ਵਿੱਚ ਰਾਜ ਸਰਕਾਰ ਨੇ ਇਹ ਕੀਮਤ 300.00 ਰੁਪਏ ਪ੍ਰਤੀ ਕੁਇੰਟਲ ਕਰ ਦਿੱਤੀ ਹੈ, ਜਦਕਿ ਕੇਂਦਰ ਸਰਕਾਰ ਦੁਆਰਾ ਨਿਰਧਾਰਤ ਕੀਮਤ (Fair Remunerative Price) 230.00 ਰੁਪਏ ਪ੍ਰਤੀ ਕੁਇੰਟਲ ਹੈ।ਪੰਜਾਬ ਸਰਕਾਰ ਵੱਲੋਂ ਹਰ ਸਾਲ ਵਿੱਤੀ ਕਰਜ਼ਾ ਦੇ ਕੇ ਸਹਿਕਾਰੀ ਖੰਡ ਮਿੱਲਾਂ ਦੇ ਗੰਨੇ ਦੀ ਕੀਮਤ ਦੇ ਬਕਾਇਆ ਕਿਸਾਨਾਂ ਨੂੰ ਅਦਾ ਕਰਵਾਏ ਜਾਂਦੇ ਹਨ।ਇਸ ਮੰਤਵ ਲਈ ਵਿੱਤ ਵਿਭਾਗ ਵੱਲੋਂ 178.00 ਕਰੋੜ ਰੁਪਏ ਦਾ ਕਰਜ਼ਾ ਸ਼ੂਗਰਫੈੱਡ,ਪੰਜਾਬ ਨੂੰ ਦਿੱਤਾ ਗਿਆ ਸੀ।ਪਿੜਾਈ ਸੀਜ਼ਨ 2016-17 ਦੀ ਗੰਨੇ ਦੀ ਕੋਈ ਬਕਾਇਆ ਰਾਸ਼ੀ ਦੇਣਯੋਗ ਨਹੀ ਹੈ।ਸ਼ੂਗਰਫੈੱਡ, ਪੰਜਾਬ ਵੱਲੋਂ ਸੱਭ ਤੋਂ ਪੁਰਾਣੀ ਸਹਿਕਾਰੀ ਖੰਡ ਮਿੱਲ ਜ਼ੋ ਕਿ 1956-57 ਵਿੱਚ ਭੋਗਪੁਰ ਵਿਖੇ ਲਗਾਈ ਸੀ ਜਿਸ ਦੀ ਸਮਰੱਥਾ 1016 ਟੀ.ਸੀ.ਡੀ. ਤੋਂ ਵਧਾ ਕੇ 3000 ਟੀ.ਸੀ.ਡੀ. ਦੇ ਨਾਲ-ਨਾਲ 15 ਮੈਗਾਵਾਟ ਸਮਰੱਥਾਂ ਦਾ ਕੋ-ਜਨਰੇਸ਼ਨ ਪਲਾਂਟ ਲਗਾਉਣ ਦੀ ਯੋਜਨਾ ਹੈ। ਇਸ ਦੀ ਸਮਰੱਥਾ ਵਿੱਚ ਵਾਧਾ ਹੋਣ

ਤੋਂ ਬਾਅਦ ਮਿੱਲ 40 ਲੱਖ ਕੁਇੰਟਲ ਤੋਂ ਵੱਧ ਗੰਨਾ ਪੀੜਣ ਦੇ ਯੋਗ ਹੋ ਜਾਵੇਗੀ।ਭੋਗਪੁਰ ਇਲਾਕੇ ਵਿੱਚ ਵੱਧ ਰਿਕਵਰੀ ਵਾਲਾ ਗੰਨਾ ਹੋਣ ਕਰਕੇ ਮਿੱਲ ਦੀ ਵਿੱਤੀ ਹਾਲਤ ਮਜਬੂਤ ਹੋ ਜਾਵੇਗੀ ਅਤੇ ਘਾਟਾ ਘਟੇਗਾ।ਸ਼ੂਗਰਫੈਡ ਦੀ ਸਮੁੱਚੀ ਸਥਿਤੀ ਹੇਠਾਂ ਦਿੱਤੀ ਗਈ ਹੈ।

**(ਰਕਮ ਲੱਖਾਂ ਵਿੱਚ)**

| ਲੜੀ ਨੰ. | ਵੇਰਵਾ | 2015-16 | 2016-2017 |
|---|---|---|---|
| 1 | ਮੈਂਬਰਾਂ ਦੀ ਗਿਣਤੀ | 16 | 16 |
| 2 | ਹਿੱਸੇਦਾਰੀ | 664.03 | 664.03 |
| 3 | ਆਪਣੇ ਫੰਡ | 1389.57 | 1389.57 |
| 4 | ਕਾਰਜ ਪੂੰਜੀ | 107671.05 | 116872.49 |
| 5 | ਕਾਰੋਬਾਰੀ ਲੈਣ ਦੇਣ | 216023.94 | 251656.86 |

**ਸਹਿਕਾਰੀ ਚੀਨੀ ਮਿੱਲਾਂ**

ਰਿਪੋਰਟ ਅਧੀਨ ਸਾਲ ਦੌਰਾਨ 15 ਸਹਿਕਾਰੀ ਚੀਨੀ ਮਿੱਲਾਂ ਵਿੱਚੋ 9 ਕੰਮ ਕਰ ਰਹੀਆਂ ਸਨ। ਇਨ੍ਹਾਂ 9 ਮਿੱਲਾਂ ਵਿੱਚੋ ਬੁੱਢੇਵਾਲ ਅਤੇ ਨਵਾਂ ਸ਼ਹਿਰ ਵਿਖੇ ਸਥਿਤ ਮਿੱਲਾਂ ਪਿਛਲੇ ਲਗਾਤਾਰ 9 ਸਾਲਾਂ ਤੋਂ ਨੈਸ਼ਨਲ ਐਫੀਸ਼ੈਸੀ ਅਵਾਰਡ"ਜਿੱਤ ਰਹੀਆਂ ਹਨ।ਜਿਹੜੇ ਕਿਸਾਨ ਆਪਣੇ ਗੰਨੇ ਨੂੰ ਚੀਨੀ ਮਿੱਲਾਂ ਵਿੱਚ ਲਿਆਉਂਦੇ ਹਨ, ਉਨ੍ਹਾਂ ਲਈ ਚੀਨੀ ਮਿੱਲਾਂ ਦੇ ਅੰਦਰ ਹੀ ਬਣੇ ਹੋਏ ਕਿਸਾਨ ਘਰਾਂ ਵਿੱਚ ਉਨ੍ਹਾਂ ਦੇ ਠਹਿਰਣ ਦਾ ਪ੍ਰਬੰਧ ਹੈ।ਸਹਿਕਾਰੀ ਚੀਨੀ ਮਿੱਲਾਂ ਦੇ ਤੁਲਨਾਤਮਕ ਅੰਕੜੇ ਹੇਠਾਂ ਅਨੁਸਾਰ ਹਨ :-

**(ਰਕਮ ਲੱਖਾਂ ਵਿੱਚ)**

| ਲੜੀ ਨੰ. | ਵੇਰਵਾ | 2015-16 | 2016-2017 |
|---|---|---|---|
| 1 | ਮੈਂਬਰਾਂ ਦੀ ਗਿਣਤੀ | 208129 | 209894 |
| 2 | ਹਿੱਸੇਦਾਰੀ | 14423.75 | 15181.30 |
| 3 | ਆਪਣੇ ਫੰਡ | 49047.11 | 49048.11 |
| 4 | ਕਾਰਜ ਪੂੰਜੀ | 117183.69 | 156559.93 |
| 5 | ਪੀੜਿਆ ਗਿਆ ਗੰਨਾ (ਲੱਖ ਕੁਇੰਟਲਾਂ ਵਿੱਚ) | 197.09 | 194.05 |
| 6 | ਚੀਨੀ ਦਾ ਉਤਪਾਦਨ (ਲੱਖ ਕੁਇੰਟਲਾਂ ਵਿੱਚ) | 19.42 | 18.42 |

- **ਕਿਰਤ ਅਤੇ ਉਸਾਰੀ ਸਹਿਕਾਰੀ ਸਭਾਵਾਂ।**

ਕਿਰਤ ਅਤੇ ਉਸਾਰੀ ਸਹਿਕਾਰੀ ਸਭਾਵਾਂ ਠੇਕੇਦਾਰਾਂ ਦੁਆਰਾ ਮਜ਼ਦੂਰਾਂ ਦੇ ਸ਼ੋਸ਼ਣ ਨੂੰ ਬਚਾਉਣ ਲਈ ਗਠਿਤ ਕੀਤੀਆਂ ਗਈਆਂ ਸਨ।ਕਿਰਤ ਅਤੇ ਉਸਾਰੀ ਸਹਿਕਾਰੀ ਸਭਾਵਾਂ ਦਾ ਤਿੰਨ ਪੱਧਰੀ ਢਾਂਚਾ ਹੈ। ਸ਼ਿਖਰ ਪੱਧਰ ਤੇ ਪੰਜਾਬ ਰਾਜ ਸਹਿਕਾਰੀ ਕਿਰਤ ਅਤੇ ਉਸਾਰੀ ਸੰਘ, ਕੇਦਂਰੀ ਪੱਧਰ ਤੇ ਜ਼ਿਲਾ ਸਹਿਕਾਰੀ ਕਿਰਤ ਤੇ ਉਸਾਰੀ ਯੂਨੀਅਨਾ ਅਤੇ ਪ੍ਰਾਇਮਰੀ ਪੱਧਰ ਤੇ ਪ੍ਰਾਇਮਰੀ ਸਹਿਕਾਰੀ ਕਿਰਤ ਅਤੇ ਉਸਾਰੀ ਸਹਿਕਾਰੀ ਸਭਾਵਾਂ ਹਨ।ਰਾਜ ਪੱਧਰ ਅਤੇ ਜਿਲਾ ਪੱਧਰ ਦੀਆਂ ਸਹਿਕਾਰੀ ਕਿਰਤ ਅਤੇ ਉਸਾਰੀ ਸਭਾਵਾਂ, ਪ੍ਰਾਇਮਰੀ ਸਹਿਕਾਰੀ ਕਿਰਤ ਅਤੇ ਉਸਾਰੀ ਸਹਿਕਾਰੀ ਸਭਾਵਾਂ ਦੀ ਦਿਨ ਪ੍ਰਤੀ ਦਿਨ ਕੰਮ ਕਾਰ ਵਿੱਚ ਤਕਨੀਕੀ ਜਾਣਕਾਰੀ ਦੇ ਕੇ ਅਤੇ ਕੰਮ ਦੇਣ ਵਾਲੀਆਂ ਏਜੰਸੀਆਂ ਤੋਂ ਕੁੱਲ ਕਾਰੀਗਰੀ ਦੇ ਅਤੇ ਅਕੁਸ਼ਲ ਕਾਰੀਗਰੀ ਦੇ ਕੰਮ ਪ੍ਰਾਪਤ ਕਰਵਾਕੇ ਮਦਦ ਕਰਦੀਆਂ ਹਨ ਅਤੇ ਨਾਲ ਹੀ ਸਬੰਧਿਤ ਵਿਭਾਗਾਂ ਨਾਲ ਚਲਦੇ ਝਗੜਿਆਂ/ਮੁਸ਼ਕਲਾਂ ਨੂੰ ਸੁਲਝਾਉਣ ਵਿੱਚ ਮਦਦ ਕਰਦੀਆਂ ਹਨ।

**ਦੀ ਪੰਜਾਬ ਰਾਜ ਸਹਿਕਾਰੀ ਕਿਰਤ ਅਤੇ ਉਸਾਰੀ ਸੰਘ ਲਿਮ:।**

ਦੀ ਪੰਜਾਬ ਰਾਜ ਸਹਿਕਾਰੀ ਕਿਰਤ ਅਤੇ ਉਸਾਰੀ ਸੰਘ ਲਿਮ: ਮਿਤੀ 17-07-1956 ਨੂੰ 6 ਮੈਂਬਰਾਂ ਨਾਲ ਰਜਿਸਟਰ ਕੀਤੀ ਗਈ ਸੀ।ਮਿਤੀ 31.3.2017 ਨੂੰ ਸੰਘ ਦੇ ਮੈਂਬਰਾਂ ਦੀ ਗਿਣਤੀ 17 ਸੀ।ਸੰਘ ਦੀ ਸਮੁੱਚੀ ਸਥਿਤੀ ਹੇਠਾਂ ਅਨੁਸਾਰ ਹੈ :-

**(ਰੁਪਏ ਲੱਖਾਂ ਵਿੱਚ)**

| bVh BzH | ਵੇਰਵਾ | 2015-16 | 2016-2017 |
|---|---|---|---|
| 1 | ਹਿੱਸੇਦਾਰੀ | 30.85 | 30.85 |
| 2 | ਆਪਣੇ ਫੰਡ | 1638.11 | 134.61 |
| 3 | ਕਾਰਜ ਪੂੰਜੀ | 1029.11 | 671.59 |
| 4 | ਕਾਰੋਬਾਰੀ ਲੈਣ ਦੇਣ | 1372.35 | 1836.94 |
| 5 | ਸਾਲ ਦੌਰਾਨ ਕਮਾਇਆ ਗਿਆ ਕਮਿਸ਼ਨ | 160.84 | 241.99 |
| 6 | ਲਾਭ/ਹਾਨੀ | +12.26 | +22.18 |

## ਕਿਰਤ ਅਤੇ ਉਸਾਰੀ ਯੂਨੀਅਨਾਂ

ਮਿਤੀ 31.3.2017ਨੂੰ 17 ਜਿਲ੍ਹਾ ਸਹਿਕਾਰੀ ਕਿਰਤ ਉਸਾਰੀ ਯੂਨੀਅਨਾਂ ਸਨ। ਇਨ੍ਹਾ ਯੂਨੀਅਨਾਂ ਦੀ ਸਥਿਤੀ ਹੇਠ ਲਿਖੇ ਅਨੁਸਾਰ ਹੈ :-

(ਰੁਪਏ ਲੱਖਾਂ ਵਿੱਚ)

| ਲੜੀ ਨੰ. | ਵੇਰਵਾ | 2015-2016 | 2016-2017 |
|---|---|---|---|
| 1 | ਮੈਂਬਰਾਂ ਦੀ ਗਿਣਤੀ | 1575 | 1579 |
| 2 | ਹਿੱਸੇਦਾਰੀ | 18.24 | 18.24 |
| 3 | ਆਪਣੇ ਫੰਡ | 1215.26 | 1447.96 |
| 4 | ਕਾਰਜ ਪੂੰਜੀ | 1649.66 | 1834.01 |
| 5 | ਕਾਰੋਬਾਰੀ ਲੈਣ ਦੇਣ | 2909.75 | 2811.50 |
| 6 | ਸਾਲ ਦੌਰਾਨ ਕਮਾਇਆ ਗਿਆ ਕਮਿਸ਼ਨ | 220.94 | 302.00 |

ਇਨ੍ਹਾਂ 17 ਲੇਬਰ ਅਤੇ ਕਿਰਤ ਉਸਾਰੀ ਯੂਨੀਅਨਾਂ ਵਿੱਚੋਂ 17 ਕਿਰਤ ਅਤੇ ਉਸਾਰੀ ਯੂਨੀਅਨਾ 387.53 ਲੱਖ ਰੁਪਏ ਦੇ ਮੁਨਾਫੇ ਵਿੱਚ ਸਨ।

## ਪ੍ਰਾਇਮਰੀ ਸਹਿਕਾਰੀ ਕਿਰਤ ਅਤੇ ਉਸਾਰੀ ਸਭਾਵਾਂ

ਮਿਤੀ 31.3.2017ਨੂੰ 2141 ਪ੍ਰਾਇਮਰੀ ਸਹਿਕਾਰੀ ਕਿਰਤ ਅਤੇ ਉਸਾਰੀ ਸਭਾਵਾਂ ਸਨ, ਜਿਨਾਂ ਵਿੱਚੋ 1962 ਕੰਮ ਕਰ ਰਹੀਆਂ ਸਨ, 109 ਸਮਾਪਤੀ ਅਧੀਨ ਸਨ ਅਤੇ 70 ਕੰਮ ਨਹੀਂ ਕਰਦੀਆਂ ਸਨ। ਇਨ੍ਹਾਂ ਸਹਿਕਾਰੀ ਸਭਾਵਾਂ ਦੀ ਤੁਲਨਾਤਮਕ ਸਥਿਤੀ ਹੇਠ ਦਿੱਤੀ ਗਈ ਹੈ:-

(ਰੁਪਏ ਲੱਖਾਂ ਵਿੱਚ)

| bVh BzH | ਵੇਰਵਾ | 2015-2016 | 2016-2017 |
|---|---|---|---|
| 1 | ਮੈਂਬਰਾਂ ਦੀ ਗਿਣਤੀ | 103795 | 110620 |
| 2 | ਹਿੱਸੇਦਾਰੀ | 303.67 | 382.13 |
| 3 | ਆਪਣੇ ਫੰਡ | 1969.31 | 2284.65 |
| 4 | ਕਾਰਜ ਪੂੰਜੀ | 4171.44 | 5047.02 |

- **ਮਕਾਨ ਉਸਾਰੀ ਸਹਿਕਾਰੀ ਸਭਾਵਾਂ।**

ਮਕਾਨ ਉਸਾਰੀ ਸਹਿਕਾਰੀ ਸਭਾਵਾਂ ਰਾਜ ਅੰਦਰਘੇਸ਼ਹਿਰੀ ਅਤੇ ਨਾਲ ਦੀ ਨਾਲ ਪੇਂਡੂ ਖੇਤਰ ਵਿੱਚ ਮਕਾਨਾਂ ਦੀ ਉਸਾਰੀ ਵਿੱਚ ਸਹਾਇਤਾ ਕਰ ਰਹੀਆਂ ਹਨ। ਦੀ ਪੰਜਾਬ ਰਾਜ ਸਹਿਕਾਰੀ ਮਕਾਨ ਸੰਘ ਲਿਮ: (ਹਾਊਸਫੈਡ) ਮਿਤੀ 17-11-1970 ਨੂੰ ਮਕਾਨਾਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਇਸ ਦੇ ਨਾਲ ਲਗੀਆਂ ਹੋਈਆਂ ਮਕਾਨ ਉਸਾਰੀ ਸਹਿਕਾਰੀ ਸਭਾਵਾਂ ਦੇ ਮੈਬਰਾਂ ਨੂੰ ਕਰਜ਼ਾ ਮੁਹੱਈਆਂ ਕਰਾਉਣ ਲਈ ਰਜਿਸਟਰ ਕੀਤੀ ਗਈ ਸੀ। ਇਸ ਦੀ ਆਪਣੀ ਇਮਾਰਤ ਹੈ। ਇਸ ਸੰਸਥਾ ਵਲੋਂ ਮੋਹਾਲੀ, ਬਨੂੜ ਅਤੇ ਕਪੂਰਥਲਾ ਵਿਖੇ ਪ੍ਰੋਜੈਕਟ ਦਾ ਕੰਮ ਚਲ ਰਿਹਾ ਹੈ। ਮਿਤੀ 31.3.2017 ਨੂੰ ਇਸ ਸੰਘ ਦੇ 346 ਮੈਂਬਰ ਸਨ। ਇਸ ਸੰਘ ਦੇ ਕੰਮਕਾਰ ਦੀ ਸਥਿਤੀ ਹੇਠ ਲਿਖੇ ਅਨੁਸਾਰ ਹੈ :-

(ਰੁਪਏ ਲੱਖਾਂ ਵਿੱਚ)

| ਲੜੀ ਨੰ. | ਵੇਰਵਾ | 2015-2016 | 2016-2017 |
|---|---|---|---|

| | | | |
|---|---|---|---|
| 1 | ਮੈਂਬਰਾਂ ਦੀ ਗਿਣਤੀ | 343 | 346 |
| 2 | ਹਿੱਸੇਦਾਰੀ | 4124.54 | 4013.87 |
| 3 | ਆਪਣੇ ਫੰਡ | 24332.41 | 17600.04 |
| 4 | ਕਾਰਜਪੂੰਜੀ | 43497.66 | 43987.89 |
| 5 | ਦਿੱਤੇ ਗਏ ਕਰਜ਼ੇ | 521.00 | 257.00 |
| 6 | ਵਸੂਲੇ ਗਏ ਕਰਜ਼ੇ | 4957.00 | 2396.64 |
| 7 | ਲਾਭ | +690.00 | -24.48 |
| 8 | ਕਾਰੋਬਾਰੀ ਲੈਣ ਦੇਣ | 246731.50 | 89580.51 |

ਮਿਤੀ 31.3.2017 ਨੂੰ 638 ਪ੍ਰਾਇਮਰੀ ਸਹਿਕਾਰੀ ਮਕਾਨ ਉਸਾਰੀ ਸਭਾਵਾਂ ਸਨ। ਇਨ੍ਹਾਂ ਸਹਿਕਾਰੀ ਸਭਾਵਾਂ ਦੇ ਕੰਮ ਕਾਰ ਦੀ ਸਥਿਤੀ ਹੇਠ ਲਿਖੇ ਅਨੁਸਾਰ ਹੈ :-

(ਰੁਪਏ ਲੱਖਾਂ ਵਿੱਚ)

| bVh BzH | ਵੇਰਵਾ | 2015-2016 | 2016-2017 |
|---|---|---|---|
| 1 | ਮੈਬਰਾਂ ਦੀ ਗਿਣਤੀ | 166667 | 138664 |
| 2 | ਹਿੱਸੇਦਾਰੀ | 2673.31 | 1839.23 |
| 3 | ਆਪਣੇ ਫੰਡ | 3119.24 | 2944.66 |
| 4 | ਕਾਰਜ ਪੂੰਜੀ | 43935.07 | 40684.11 |
| 5 | ਦਿੱਤੇ ਗਏ ਕਰਜ਼ੇ | 1905.80 | 281.70 |

- **fJ;soh ;fjekoh ;GktK**

ਇਸਤਰੀ ਸਹਿਕਾਰੀ ਸਭਾਵਾਂ ਵੀ ਸਹਿਕਾਰੀ ਖੇਤਰ ਵਿੱਚ ਇਸਤਰੀਆਂ ਦੀ ਆਰਥਿਕ ਅਤੇ ਸਮਾਜਿਕ ਸਥਿਤੀ ਨੂੰ ਅੱਗੇ ਲਿਆਉਣ ਅਤੇ ਵਿਕਾਸ ਕਰਨ ਵਿੱਚ ਮਹੱਤਵ ਪੂਰਨ ਭੂਮਿਕਾ ਨਿਭਾ ਰਹੀਆਂ ਹਨ। ਇਕ ਇਸਤਰੀ ਸਹਿਕਾਰੀ ਸਭਾ ਜਿਸ ਦਾ ਨਾਮ ਲਤਾਲਾ ਇਸਤਰੀ ਸਹਿਕਾਰੀ ਦੁੱਧ ਸਪਲਾਈ ਸਭਾ ਹੈ, ਨੂੰ ਦੁੱਧ ਦੇ ਇਕੱਤਰਣ ਵਿੱਚ ਏਸ਼ੀਆ ਵਿੱਚ ਸੱਭ ਤੋਂ ਵਧੀਆ ਸਹਿਕਾਰੀ ਸਭਾ ਐਲਾਨਿਆ ਗਿਆ ਹੈ। ਇਨ੍ਹਾਂ ਸਹਿਕਾਰੀ ਸਭਾਵਾਂ ਦੀ ਕਿਸਮ ਅਨੁਸਾਰ ਵੰਡ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਵੇਰਵਾ | 2015-2016 | 2016-2017 |
|---|---|---|---|
| 1 | ਸੰਜਮ ਅਤੇ ਬੱਚਤ ਸਹਿਕਾਰੀ ਸਭਾਵਾਂ | 484 | 484 |
| 2 | ਕਰਜ਼ਾ ਸਭਾ | 1 | 1 |
| 3 | ਉਦਯੋਗਿਕ | 206 | 206 |
| 4 | ਸਕੂਲ ਸਪਲਾਈ | 1 | 1 |
| 5 | ਦੁੱਧ ਉਤਪਾਦਕ | 343 | 674 |
| 6 | ਕੁੱਲ ਸਹਿਕਾਰੀ ਸਭਾਵਾਂ | 1035 | 882 |

ਇਸਤਰੀ ਸਹਿਕਾਰੀ ਸਭਾਵਾਂ ਦੀ ਸਮੁੱਚੀ ਸਥਿਤੀ ਹੇਠਾਂ ਅਨੁਸਾਰ ਹੈ :-

(ਰੁਪਏ ਲੱਖਾਂ ਵਿੱਚ)

| ਲੜੀ ਨੰ. | ਵੇਰਵਾ | 2015-2016 | 2016-2017 |
|---|---|---|---|
| 1 | ;fjekoh ;GktK dh e[Zb frDsh | 1035 | 882 |
| 2 | w?ApoK dh frDsh | 69435 | 52003 |
| 3 | fjZ;/dkoh | 226.62 | 220.33 |
| 4 | nkgD/ czv | 255.72 | 293.83 |
| 5 | eko'pkoh b?Dd/D | 1861.77 | 1642.83 |
| 6 | ekoi g{zih | 2203.79 | 2179.03 |

## ਸਿੱਖਿਆ, ਸਿਖਲਾਈ ਅਤੇ ਪਰਚਾਰ ਸਹਿਕਾਰੀ ਸਭਾਵਾਂ

ਦੀ ਪੰਜਾਬ ਰਾਜ ਸਹਿਕਾਰੀ ਵਿਕਾਸ ਸੰਘ ਲਿਮ: (ਪੰਨਕੋਫੈਡ) ਜਿਸਨੂੰ ਪਹਿਲਾਂ ਪੰਜਾਬ ਸਹਿਕਾਰੀ ਯੂਨੀਅਨ ਦੇ ਨਾਮ ਨਾਲ ਜਾਣਿਆ ਜਾਂਦਾ ਸੀ,ਮਿਤੀ 30-04-1952 ਨੂੰ ਰਜਿਸਟਰ ਹੋਈ ਸੀ, ਜਿਸ ਦਾ ਮੁੱਖ ਦਫਤਰ ਜਲੰਧਰ ਵਿਖੇ ਸੀ ਅਤੇ ਜਦੋਂ ਇਸ ਨੂੰ ਅਪਰੈਲ 1965 ਵਿੱਚ ਚੰਡੀਗੜ੍ਹ ਵਿਖੇ ਤਬਦੀਲ ਕੀਤਾ ਗਿਆ ਸੀ ਤਾਂ ਉਸ ਸਮੇਂ ਇਸ ਦੇ ਮੈਂਬਰਾਂ ਦੀ ਗਿਣਤੀ 33 ਸੀ। ਇਸ ਸੰਸਥਾ ਦੇ ਮੈਂਬਰਾਂ ਦੀ ਮੌਜੂਦਾ ਗਿਣਤੀ 29 ਹੈ, ਜਿਹੜੀ ਕਿ ਸ਼ਿਖਰ ਸਹਿਕਾਰੀ ਸਭਾਵਾਂ, ਜਿਲ੍ਹਾ ਸਹਿਕਾਰੀ ਯੂਨੀਅਨਾਂ ਅਤੇ ਰਾਜ ਸਰਕਾਰ ਨਾਲ ਬਣਦੀ ਹੈ। ਇਹ ਰਾਜ ਅੰਦਰ ਸਹਿਕਾਰੀ ਅੰਦੋਲਨ ਨੂੰ ਪ੍ਰਫੁੱਲਤ ਕਰਨ ਅਤੇ ਉਸ ਦਾ ਵਿਕਾਸ ਕਰਨ ਲਈ ਤਾਲਮੇਲ ਰੱਖਣ ਲਈ ਸ਼ਿਖਰ ਸਹਿਕਾਰੀ ਸੰਸਥਾ ਹੈ।ਪਨਕੋਫੈਂਡ ਦਾ ਮੁੱਖ ਉਦੇਸ਼ ਸਹਿਕਾਰਤਾ ਲਹਿਰ ਨੂੰ ਅੱਗੇ ਵਧਾਉਣਾ ਅਤੇ ਇਸਦਾ ਵਿਕਾਸ ਕਰਨਾ ਹੈ।ਪਨਕੋਫੈਂਡ ਵੱਲੋਂ ਇਸ ਉਦੇਸ਼ ਦੀ ਪ੍ਰਾਪਤੀ ਲਈ ਸਹਿਕਾਰੀ ਸਿੱਖਿਆ ਤੇ ਸਿਖਲਾਈ ਦਾ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ।ਪਨਕੋਫੈਂਡ ਦੇ ਇਹਨਾਂ ਪ੍ਰੋਗਰਾਮਾਂ ਨੂੰ ਬੜਾ ਉਤਸ਼ਾਹਜਨਕ ਹੁੰਗਾਰਾ ਮਿਲ ਰਿਹਾ ਹੈ।

## ਸਿੱਖਿਆ ਪ੍ਰੋਗਰਾਮ :

ਪਨਕੋਫੈਂਡ ਵੱਲੋਂ ਸਿੱਖਿਆ ਅਤੇ ਸਿਖਲਾਈ ਦਾ ਪ੍ਰੋਗਰਾਮ ਚਲਾਇਆ ਜਾਂਦਾ ਹੈ।ਸਿਖਲਾਈ ਪ੍ਰੋਗਰਾਮ ਕੋਆਪ੍ਰੇਟਿਵ ਸਿੱਖਿਆ ਅਫਸਰਾਂ ਦੀ ਅਗਵਾਈ ਹੇਠ ਚਲਾਏ ਜਾਂਦੇ ਹਨ।

| **ਕਿਸਮ**2016-17 | **ਕਲਾਸਾਂ** | **ਹਾਜ਼ਰੀ** |
|---|---|---|
| ਐਮ.ਪੀ.ਸੀ.ਐਸ.ਐਸ | 131 | 3114 |
| ਦੁੱਧ ਉਤਪਾਦਕ ਸਭਾਵਾਂ | 15 | 1503 |
| ਇਸਤਰੀਆਂ ਦੇ ਕੈਂਪ | 49 | 3350 |
| ਮੈਂਬਰ | 408 | 20741 |
| ਸਕੂਲ ਲੈਕਚਰ | 91 | 4849 |

ਪਨਕੋਫੈਂਡ ਵੱਲੋਂ ਸਟੇਟ ਲੈਵਲ ਤੇ ਵੀ ਚੁਣੇ ਹੋਏ ਡਾਇਰੈਕਟਰਾਂ ਨੂੰ ਉਨ੍ਹਾਂ ਦੇ ਅਧਿਕਾਰ ਅਤੇ ਫਰਜਾਂ ਤੋਂ ਜਾਣੂ ਕਰਵਾਉਣ ਲਈ 55 ਸੈਮੀਨਾਰ ਕਰਵਾਏ ਗਏ, ਜਿਨ੍ਹਾਂ ਵਿੱਚ 6739 ਸਿੱਖਿਆਰਥੀਆਂ ਨੇ ਭਾਗ ਲਿਆ।ਇਨ੍ਹਾਂ ਕੈਂਪਾਂ ਵਿੱਚ ਡੀ.ਸੀ.ਯੂ.,ਮਿਲਕ ਪਲਾਂਟਾਂ, ਸੈਂਟਰਲ ਕੋਆਪ੍ਰੇਟਿਵ ਬੈਂਕਾਂ, ਪੀ.ਏ.ਡੀ.ਬੀਜ਼ ਅਤੇ ਬਹੁਮੰਤਵੀ ਸਹਿਕਾਰੀ ਸਭਾਵਾਂ ਦੇ ਨੁਮਾਇੰਦਿਆਂ ਨੇ ਭਾਗ ਲਿਆ।

## ਆਫਸੈਟ ਪ੍ਰਿੰਟਿੰਗ ਪ੍ਰੈਸ:

ਸਹਿਕਾਰਤਾ ਵਿਭਾਗ ਦੇ ਅਦਾਰਿਆਂ ਦੀਆਂ ਪ੍ਰਿੰਟਿੰਗ ਲੋੜਾਂ ਨੂੰ ਪੂਰਾ ਕਰਨ ਅਤੇ ਵਾਜਬ ਰੇਟਾਂ ਤੇ ਪ੍ਰਿੰਟਿੰਗ ਸਟੇਸ਼ਨਰੀ ਮੁਹੱਇਆ ਕਰਨ ਦੇ ਮਨੋਰਥ ਨਾਲ ਪਨਕੋਫੈਂਡ ਵੱਲੋਂ ਆਪਣੀ ਇੱਕ ਆਫਸੈਟ ਪ੍ਰਿੰਟਿੰਗ ਪ੍ਰੈਸ ਲਗਾਈ ਗਈ ਹੈ।ਇਸ ਆਫਸੈਟ ਪ੍ਰਿੰਟਿੰਗ ਪ੍ਰੈਸ ਰਾਹੀਂ ਕੀਤੇ ਪ੍ਰਿੰਟਿੰਗ ਦਾ ਸਾਲ 2016-17ਦਾ ਬਿਜਨਸ 14596763.00/- ਹੈ।

## ਮੈਗਜ਼ੀਨ"ਪੰਜਾਬ ਕੋਆਪ੍ਰੇਸ਼ਨ"

ਪਨਕੋਫੈਂਡ ਵੱਲੋਂ ਪੰਦਰਵਾੜਾ ਮੈਗਜ਼ੀਨ "ਪੰਜਾਬ ਕੋਆਪ੍ਰੇਸ਼ਨ"'ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।ਜਿਸ ਵਿੱਚ ਸਹਿਕਾਰੀ ਲਹਿਰ ਦੇ ਮਹੱਤਵਪੂਰਨ ਪੱਖਾਂ ਤੇ ਆਰਟੀਕਲਜ਼, ਵਿਭਾਗੀ ਸਰਕੂਲਰ, ਸਫਲਤਾ ਦੀਆਂ ਕਹਾਣੀਆਂ, ਆਮ ਤਰੱਕੀ ਦੇ ਲੇਖ, ਖੇਤੀ ਸਬੰਧੀ ਲੇਖ, ਅਦਾਲਤੀ ਫੈਸਲੇ, ਉਘੇ ਸਹਿਕਾਰੀਆਂ ਨਾਲ ਇੰਟਰਵਿਊਜ਼, ਬੈਲੰਸ ਸ਼ੀਟਾਂ ਅਤੇ ਪਿੰਡ ਪੱਧਰ ਤੇ ਹੋਣ ਵਾਲੇ ਸਮਾਗਮਾਂ ਦੀਆਂ ਰਿਪੋਰਟਾਂ ਆਦਿ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ।ਹਰ ਪੰਦਰਵਾੜੇ ਸਹਿਕਾਰੀ ਅਦਾਰਿਆਂ ਦੇ ਮੈਂਬਰਾਂ,ਪ੍ਰਬੰਧਕਾਂ ਅਤੇ ਕਰਮਚਾਰੀਆਂ ਨੂੰ ਨਵੀਨਤਮ ਜਾਣਕਾਰੀ ਪ੍ਰਦਾਨ ਕੀਤੀ ਜਾ ਰਹੀ ਹੈ।ਇਸ ਦੀ ਦਿਖ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਇਸ ਵਿੱਚ ਅਹਿਮ ਤਬਦੀਲੀਆਂ ਕੀਤੀਆਂ ਗਈਆਂ ਹਨ।ਇਸ ਮੈਗਜੀਨ ਦਾ ਸਾਲ 2016-17ਦਾ ਬਿਜਨਸ 4587060.00/- ਹੈ।

**ਨਵੀਆਂ ਪ੍ਰਗਤੀਆਂ:**

ਪਨਕੋਫੈੱਡ ਵਲੋਂ ਵੈਬ ਸਾਈਟ ਬਣਾਈ ਗਈ ਹੈ।ਪਨਕੋਫੈੱਡ ਪ੍ਰਾਇਮਰੀ ਖੇਤੀਬਾੜੀ ਸਭਾਵਾਂ ਨੂੰ SMS ਦੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ।ਹਰ ਸਭਾਦੇ ਪੰਜ ਮੈਂਬਰਾਂ ਅਤੇ ਸਕੱਤਰ ਨੂੰ ਖਾਦ ਦੀ ਪਹੁੰਚ ਬਾਰੇ ਅਤੇ ਉਸ ਦੀ ਕੁਆਲਟੀ ਅਤੇ ਮਾਤਰਾਬਾਰੇ ਅਗੇਤਰੀ ਸੂਚਨਾ ਦਿੱਤੀ ਜਾਂਦੀ ਹੈ।ਪਿਛਲੇ ਸਾਲ ਦੇ ਮੁਕਾਬਲੇ ਇਸ ਦੀਆਂ ਸਾਲ 2016-2017 ਦੀਆਂ ਪ੍ਰਾਪਤੀਆਂ ਹੇਠ ਲਿਖੇ ਅਨੁਸਾਰ ਹਨ:-

**(ਰਕਮ ਲੱਖਾਂ ਵਿੱਚ)**

| ਲੜੀ ਨੰ. | ਵੇਰਵਾ | 2015-2016 | 2016-2017 |
|---|---|---|---|
| 1 | ਹਿੱਸੇਦਾਰੀ | 25.49 | 25.49 |
| 2 | ਕਾਰਜ ਪੂੰਜੀ | 719.16 | 862.11 |
| 3 | ਕਾਰੋਬਾਰੀ ਲੈਣ ਦੇਣ | 94.29 | 85.96 |
| 4 | ਲਾਭ/ਘਾਟਾ | +8.64 | +156.02 |
| 5 | ਸਿੱਖਿਅਤ ਕੀਤੇ ਗਏ ਵਿਅਕਤੀ | 23272 | 20741 |
| 6 | ਸਿੱਖਿਅਤ ਕੀਤੇ ਗਏ ਕਮੇਟੀ ਮੈਂਬਰ | 9953 | 12778 |

ਜਿਲ੍ਹਾ ਪੱਧਰ ਤੇ ਸਹਿਕਾਰੀ ਸਿੱਖਿਆ ਅਤੇ ਪਰਚਾਰ ਅਤੇ ਪ੍ਰਾਪੇਗੰਡਾਂ ਸਬੰਧੀ ਕੰਮ ਜਿਲ੍ਹਾ ਸਹਿਕਾਰੀ ਯੂਨੀਅਨਾਂ ਦੁਆਰਾ ਕੀਤਾ ਜਾਂਦਾ ਹੈ। ਰਾਜ ਅੰਦਰ ਸਾਲ ਦੌਰਾਨ 17 ਜਿਲ੍ਹਾ ਸਹਿਕਾਰੀ ਯੂਨੀਅਨਾਂ ਸਨ। ਮਿਤੀ 31.3.2017 ਨੂੰ ਇਨਾਂ ਸਹਿਕਾਰੀ ਯੂਨੀਅਨਾਂ ਦੇ ਮੈਂਬਰਾਂ ਦੀ ਗਿਣਤੀ 4657 ਸੀ। ਇਨ੍ਹਾਂ ਯੂਨੀਅਨਾਂ ਦੀਆਂਪ੍ਰਾਪਤੀਆਂ ਹੇਠ ਲਿਖੇ ਅਨੁਸਾਰ ਹਨ।

**(ਰਕਮ ਲੱਖਾਂ ਵਿੱਚ)**

| ਲੜੀ ਨੰ. | ਵੇਰਵਾ | 2015-2016 | 2016-2017 |
|---|---|---|---|
| 1 | ਹਿੱਸੇਦਾਰੀ | 18.93 | 9.06 |
| 2 | ਆਪਣੇ ਫੰਡ | 210.03 | 175.74 |
| 3 | ਕਾਰਜ ਪੂੰਜੀ | 382.28 | 355.82 |
| 4 | ਕਾਰੋਬਾਰੀ ਲੈਣ ਦੇਣ | 1930.92 | 1504.66 |

- **ਸਿੱਖਿਆ, ਸਿਖਲਾਈ ਅਤੇ ਪਰਚਾਰ ਸਹਿਕਾਰੀ ਸਭਾਵਾਂ**

ਪੰਜਾਬ ਰਾਜ ਸਹਿਕਾਰੀ ਬੈਂਕ ਲਿਮ. ਵੱਲੋਂ ਆਪਣੇ ਅਤੇ ਕੇਂਦਰੀ ਸਹਿਕਾਰੀ ਬੈਂਕਾਂ ਦੇ ਕਰਮਚਾਰੀਆਂ ਨੂੰ ਟ੍ਰੇਨਿੰਗ ਦੇਣ ਲਈ "ਬੈਂਕਰਜ ਟ੍ਰੇਨਿੰਗ ਇੰਸਟੀਚਿਊਟ "1969 ਵਿਚ ਸਥਾਪਿਤ ਕੀਤਾ ਗਿਆ।ਕੁਝ ਸਮੇਂ ਬਾਅਦ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਅਤੇ ਮਾਰਕਫੈਡ, ਪੰਜਾਬ ਵੀ ਇਸ ਦੇ ਮੈਂਬਰ ਬਣ ਗਏ।ਇਸ ਸੰਸਥਾ ਨੂੰ "ਪੰਜਾਬ ਇੰਸਟੀਚਿਊਟ ਆਫ ਕੋਆਪਰੇਟਿਵ ਟ੍ਰੇਨਿੰਗ " ਦਾ ਨਾਮ ਦਿੱਤਾ ਗਿਆ।ਸਮੇਂ ਸਮੇਂ ਸਿਰ ਹੋਰ ਸੰਸਥਾਵਾਂ ਵੀ ਮੈਂਬਰ ਬਣਦੀਆਂ ਗਈਆਂ ਅਤੇ 1999 ਵਿਚ ਪੰਜਾਬ ਕੋਆਪਰੇਟਿਵ ਸੋਸਾਇਟੀ ਐਕਟ 1961 ਦੇ ਅਧੀਨ ਇਸ ਨੂੰ ਸਹਿਕਾਰੀ ਸਭਾ ਦੇ ਤੌਰ ਤੇ ਰਜਿਸਟਰ ਕੀਤਾ ਗਿਆ।

**ਟ੍ਰੇਨਿੰਗ ਪ੍ਰੋਗਰਾਮ:**

ਇਸ ਸੰਸਥਾ ਵੱਲੋਂ ਹਰ ਸਾਲ ਨੰਵਬਰ ਵਿਚ ਰਾਜ ਪੱਧਰੀ ਸਹਿਕਾਰੀ ਸੰਸਥਾਵਾਂ ਨੂੰ ਅਪਣੇ ਅਧਿਕਾਰੀਆਂ/ਕਰਮਚਾਰੀਆਂ ਦੀਆਂ ਟ੍ਰੇਨਿੰਗ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਅਗਲੇ ਸਾਲ ਦੇ ਟ੍ਰੇਨਿੰਗ ਪ੍ਰੋਗਰਾਮਾਂ ਦੀ ਮੰਗ ਕੀਤੀ ਜਾਂਦੀ ਹੈ।ਵੇਰਵੇ ਪ੍ਰਾਪਤ ਹੋਣ ਉਪਰੰਤ ਸੰਸਥਾ ਦੇ ਫੈਕਲਟੀ ਮੈਬਰਾਂ ਵੱਲੋ ਸਬੰਧਿਤ ਸੰਸਥਾ ਦੇ ਟ੍ਰੇਨਿੰਗ ਨਾਲ ਸਬੰਧਿਤ ਅਧਿਕਾਰੀ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਟ੍ਰੇਨਿੰਗ ਪ੍ਰੋਗਰਾਮ ਉਲੀਕੇ ਜਾਂਦੇ ਹਨ,ਜਿਨ੍ਹਾਂ ਨੂੰ ਰ.ਸ.ਸ.,ਪੰਜਾਬ ਦੀ ਪ੍ਰਵਾਨਗੀ ਉਪਰੰਤ ਸੰਸਥਾ ਦੇ ਗਵਰਨਿੰਗ ਬੋਰਡ ਵੱਲੋਂ ਪ੍ਰਵਾਨਗੀ ਹਿੱਤ ਵਿਚਾਰਿਆ ਜਾਂਦਾ ਹੈ।ਪਿਛਲੇ ਤਿੰਨ ਸਾਲਾਂ ਵਿਚ ਲਾਏ ਗਏ ਟ੍ਰੇਨਿੰਗ ਪ੍ਰੋਗਰਾਮਾਂ ਅਤੇ ਟ੍ਰੇਨਿੰਗ ਪ੍ਰਾਪਤ ਕਰਨ ਵਾਲੇ ਸਿਖਿਆਰਥੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਸਾਲ | ਪ੍ਰੋਗਰਾਮਾਂ ਦੀ ਗਿਣਤੀ | ਸਿਖਿਆਰਥੀਆਂ ਦੀ ਗਿਣਤੀ |
|---|---|---|
| 2014-15 | 129 | 2995 |
| 2015-16 | 142 | 3554 |
| 2016-17 | 134 | 3212 |

- **ਟਰਾਂਸਪੋਰਟ ਸਹਿਕਾਰੀ ਸਭਾਵਾਂ**

ਸਾਲ 2016-2017 ਦੇ ਅੰਤ ਤੇ 148 ਪ੍ਰਾਇਮਰੀ ਸਹਿਕਾਰੀ ਟ੍ਰਾਂਸਪੋਰਟ ਸਭਾਵਾਂ ਸਨ,ਜਿਨ੍ਹਾਂ ਦੇ ਮੈਂਬਰਾਂ ਦੀ ਗਿਣਤੀ 9768 ਸੀ।ਇਨ੍ਹਾਂ ਸਹਿਕਾਰੀ ਸਭਾਵਾਂ ਦੇ ਕੰਮਕਾਰ ਸਬੰਧੀ ਸਥਿਤੀ ਹੇਠ ਲਿਖੇ ਅਨੁਸਾਰ ਹੈ :-

(ਰਕਮ ਲੱਖਾਂ ਵਿੱਚ)

| ਲੜੀ ਨੰ. | ਵੇਰਵਾ | 2015-2016 | 2016-2017 |
|---|---|---|---|
| 1 | ਹਿੱਸੇਦਾਰੀ | 138.71 | 134.23 |
| 2 | ਆਪਣੇ ਫੰਡ | 357.92 | 660.64 |
| 3 | ਕਾਰਜ ਪੂੰਜੀ | 3023.40 | 4680.09 |

ਰਿਪੋਰਟ ਅਧੀਨ ਸਾਲ ਦੇ ਅੰਤ ਤੇ ਇਨਾਂ ਸਹਿਕਾਰੀ ਸਭਾਵਾਂ ਦੁਆਰਾ ਕੀਤੀ ਗਈ ਕੁੱਲ ਕਮਾਈ 221.44 ਲੱਖ ਰੁਪਏ ਸੀ ਅਤੇ ਇਨ੍ਹਾਂ ਦੁਆਰਾ ਕੀਤੇ ਗਏ ਖਰਚ ਦੀ ਰਕਮ 219.92 ਲੱਖ ਰੁਪਏ ਸੀ। ਇਨਾਂ ਸਹਿਕਾਰੀ ਸਭਾਵਾਂ ਦੇ 507 ਕਰਮਚਾਰੀ ਸਨ।50 ਸਹਿਕਾਰੀ ਸਭਾਵਾਂ ਦੁਆਰਾ ਕਮਾਏ ਗਏ ਕੁੱਲ ਮੁਨਾਫੇ ਦੀ ਰਕਮ 38.99ਲੱਖ ਰੁਪਏ ਸੀ।35 ਸਹਿਕਾਰੀ ਸਭਾਵਾਂ 12.19 ਲੱਖ ਰੁਪਏ ਦੇ ਘਾਟੇ ਵਿਚ ਸਨ। 63 ਸਭਾਵਾਂ ਨਾਂ ਲਾਭ ਨਾਂ ਹਾਨੀ ਵਿੱਚ ਹਨ।

- **ਫੁਟਕਲ ਕਿਸਮ ਦੀਆਂ ਸਹਿਕਾਰੀ ਸਭਾਵਾਂ**

ਉਪਰੋਕਤ ਵਰਣਿਤ ਕੀਤੀਆਂ ਸਹਿਕਾਰੀ ਸਭਾਵਾਂ ਤੋਂ ਇਲਾਵਾ, ਸਹਿਕਾਰੀ ਖੇਤਰ ਵਿੱਚ ਫੁਟਕਲ ਕਿਸਮ ਦੀਆਂ ਹੋਰ ਸਭਾਵਾਂ ਵੀ ਸਨ।ਰਿਪੋਰਟ ਅਧੀਨ ਸਾਲ ਦੌਰਾਨ ਹੇਠ ਲਿਖੇ ਅੰਕੜੇ ਇਨਾਂ ਸਹਿਕਾਰੀ ਸਭਾਵਾਂ ਦੀ ਸਥਿਤੀ ਦਰਸਾਉਂਦੇ ਹਨ।

**(ਰੁਪਏ ਲੱਖਾਂ ਵਿੱਚ)**

| ਲੜੀ ਨੰ. | ਸਹਿਕਾਰੀ ਸਭਾਵਾਂ ਦੀ ਕਿਸਮ | ਸਭਾਵਾਂ ਦੀ ਗਿਣਤੀ | ਮੈਂਬਰਾਂ ਦੀ ਗਿਣਤੀ | ਹਿੱਸੇਦਾਰੀ ਦੀ ਰਕਮ | ਆਪਣੇ ਫੰਡ | ਕਾਰਜ ਪੂੰਜੀ |
|---|---|---|---|---|---|---|
| 1 | r?oy/sh eo÷k ;GktK | 457 | 24419 | 45559 | 442.32 | 6779.49 |
| 2 | ;KMh y/sh ;GktK | 72 | 1541 | 11.54 | 27.96 | 85.99 |
| 3 | w[orh gkbD ;GktK | 50 | 1331 | 22.10 | 40.30 | 74.82 |
| 4 | y/sh r?o eo÷k ;GktK | 157 | 27935 | 442.62 | 509.95 | 4477.58 |
| 5 | ;fjekoh e'bv ;N'o | 12 | 1943 | 31.31 | 117.62 | 253.62 |
| 6 | T[d:'fre :{BhnB | 3 | 148 | 0.44 | 0.2 | 1.55 |
| 7 | f;zukJh ;GktK | 48 | 702 | 9.02 | 33.56 | 133.14 |
| 8 | cZb ns/ ;pih wzvheoD ;GktK | 140 | 3818 | 11.6 | 52.76 | 81.48 |
| 9 | ;gbkJh ns/ tzv ;GktK | 3 | 120 | 0.83 | 26.39 | 75.10 |
| 10 | j'o gq';?f;zr ;GktK | 3 | 2978 | 14.71 | 28.57 | 103.06 |
| 11 | gqkfJwoh rzBk ;GktK | 6 | 43297 | 17.03 | 22.65 | 96.67 |
| 12 | rkovB eb'Bh ;GktK | 7 | 355 | 2.52 | 594.51 | 613.29 |
| 13 | bhv ;GktK | 0 | 0 | 0 | 0 | 0 |
| 14 | n?;H;hHn?bHU | 328 | 9064 | 1.74 | 17.61 | 18.99 |
| | **TOTAL** | **1286** | **117651** | **46124.46** | **1914.40** | **12794.73** |

**ਬੀ) ਪਿਛਲੇ ਵਿੱਤੀ ਸਾਲ ਦੌਰਾਨ ਪ੍ਰਾਪਤ ਕੀਤੇ ਟੀਚਿਆਂ ਦੀ ਸਮੀਖਿਆ**

ਇਹ ਪਹਿਲਾਂ ਹੀ ਕਾਲਮ ਨੰ: 5(ਏ) ਵਿੱਚ ਦਰਸਾਇਆ ਗਿਆ ਹੈ।

**6. ਪ੍ਰਾਪਤੀਆਂ/ਨਤੀਜੇ**

ਏ) **ਵਿਭਾਗ ਨਾਲ ਸਬੰਧਤ ਧਿਆਨਯੋਗ ਪ੍ਰਾਪਤੀਆਂ**

- ਪਲਾਨ ਸਕੀਮ CN-14 ਤਹਿਤ ਗੋਦਾਮਾਂ ਦੀ ਰੀਮੋਡਲਿੰਗ ਅਤੇ ਉਸਾਰੀ ਲਈ ਰੁਪਏ 2.2012 ਕਰੋੜ ਰੁਪਏ ਖਰਚੇ ਗਏ ਹਨ।

**ਦੀ ਪੰਜਾਬ ਰਾਜ ਸਹਿਕਾਰੀ ਬੈਂਕ ਲਿਮ:**

- ਦੀ ਪੰਜਾਬ ਰਾਜ ਸਹਿਕਾਰੀ ਬੈਂਕ ਅਤੇ ਸਾਰੇ ਕੇਦਰੀ ਸਹਿਕਾਰੀ ਬੈਂਕਾਂਵਲੋਂ ਸਾਲ 2016-17 ਵਿੱਚ 10736.73 ਕਰੋੜ ਰੁਪਏ ਦੇ ਸ਼ੋਰਟ ਟਰਮ ਕਰਜ਼ੇ ਦਿੱਤੇ ਗਏੈ।
- ਕਿਸਾਨਾਂ ਦੀ ਸਮਾਜਿਕ-ਆਰਥਿਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਦੀ ਪੰਜਾਬ ਰਾਜ਼ ਸਹਿਕਾਰੀ ਬੈਂਕ ਅਤੇ ਸਮੂਹ ਕੇਂਦਰੀ ਸਹਿਕਾਰੀ ਬੈਂਕ ਹੁਣ 15 ਲੱਖ ਤੱਕ ਦੀ Revolving cash credit limit ratio ਮੰਜ਼ੂਰ ਕਰ ਰਹੇ ਹਨ।
- ਸਰਕਾਰ ਵਲੋਂ 130 ਕਰੋੜ ਦੀ ਸਮੇ ਸਿਰ ਮਿਲੀ ਸਹਾਇਤਾ ਕਰਕੇ ਸਹਿਕਾਰੀ ਬੈਂਕ CRAR ਦੇ 9% ਦੇ ਟੀਚੇ ਨੂੰ 31.03.17 ਤੱਕ ਹਾਸਲ ਕਰ ਚੁਕੇ ਹਨ।
- ਦੀ ਪੰਜਾਬ ਰਾਜ ਸਹਿਕਾਰੀ ਬੈਂਕ ਅਤੇ ਸਮੂਹ ਕੇਂਦਰੀ ਸਹਿਕਾਰੀ ਬੈਂਕਾਂ ਵੱਲੋਂ ਸਾਲ 2016-17 ਵਿੱਚ 132 ਏ.ਟੀ.ਐਮ ਇੰਸਟਾਲ ਕਰਨ ਦਾ ਟੀਚਾ ਰਖਿੱਆ ਗਿਆ ਸੀ, ਜਿਦੇ ਵਿੱਚੋਂ ਹਾਲੇ ਤੱਕ 111 ਏ.ਟੀ.ਐਮ ਇੰਸਟਾਲ ਕਰ ਦਿੱਤੇ ਗਏ ਹਨ।ਅੱਜ ਤੱਕ ਸਮੂਹ ਕੇਂਦਰੀ ਸਹਿਕਾਰੀ ਬੈਂਕਾਂ ਵੱਲੋਂ 203000 ਏ.ਟੀ.ਐਮ ਡੈਬਿਟ ਕਾਰਡ ਵੰਡ ਦਿੱਤੇ ਗਏ ਹਨ ਅਤੇ ਕਿਸਾਨਾਂ ਨੂੰਕਿਸਾਨ ਕਰੇਡਿਟ ਕਾਰਡ ਡੈਬਿਟ ਕਾਰਡ ਵੰਡਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।ਅਤੇ ਤਾ ਤਾਰੀਖ 143000 ਰੁਪਏ KCC ਕਾਰਡ ਵੰਡ ਦਿੱਤੇ ਗਏ ਹਨ।
- ਸਾਲ 2016-17 ਵਿੱਚ ਦੀ ਪੰਜਾਬ ਰਾਜ ਸਹਿਕਾਰੀ ਬੈਂਕ ਨੇ 31.45 ਕਰੋੜ ਦਾ ਮੁਨਾਫਾ ਕਮਾਇਆ ਗਿਆ।
- ਨਾਬਾਰਡ ਦੇ ਪਾਇਲੇਟ ਪ੍ਰੋਜੇਟ ਦੇ ਤਹਿਤ ਸਹਿਕਾਰੀ ਬੈਂਕ ਵਿੱਚ 150 ਮਾਇਕਰੋ ਐ.ਟੀ.ਐਮ ਲਗਵਾ ਰਹੇ ਹਨ।
- ਬਾਜ਼ਾਰ ਦੀ ਜ਼ਰੂਰਤਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਨਵੀਂ ਬੈਂਕ ਸਕੀਮਾਂ ਦੀ ਪਹਿਲ ਕੀਤੀ ਜਾ ਰਹੀ ਹੈ ਜਿਵੇਂ ਕਿ ਇੱਕ ਨਵੀ ਸਕੀਮ "Flexi deposits" ਲਾਗੂ ਕਰ ਦਿੱਤੀ ਗਈ ਹੈ।
- PSCB Ltd ਵੱਲੋਂRBI/IRDA ਤੋਂ ਸਾਧਾਰਨ/ਸੇਹਤ/ਜੀਵਨ ਬੀਮਾ ਬੇਚਣ ਲਈ ਕਾਰਪੋਰੇਟ ਏਜੰਟ ਦੀ ਤਰਾਂ ਕੰਮ ਕਰਨ ਦੀਆਗਿਆ ਲੈ ਲਈ ਗਈ ਹੈ।
- ਪੂੰਜੀ ਨਿਵੇਸ਼ ਦੀ ਪਾਲਿਸੀ ਵਿੱਚ ਵਿਭਿੰਨਤਾ ਲਿਆਂਦੀ ਗਈ ਅਤੇ ਬਿਹਤਰ ਪੂੰਜੀ ਨਿਵੇਸ਼ ਦੇ ਮੋਕੇ ਜਿਵੇਂ ਕਿ Mutual funds ਅਤੇ Govt securities ਵਿੱਚ Trading ਲਈ ਕਦਮ ਚੁੱਕੇ ਗਏੈ।

**ਹੋਰ ਪ੍ਰਾਪਤੀਆਂ :-**

- ਸਾਲ 2016-17 ਵਿੱਚ ਡੀ.ਏ.ਪੀ ਦੇ ਇੰਡੈਂਟ ਦੀ 95 ਪ੍ਰਤੀਸ਼ਤ ਸਪਲਾਈ ਅਤੇ ਯੂਰੀਆ ਦੇ ਇੰਡੈਂਟ ਦੀ 89 ਪ੍ਰਤੀਸ਼ਤ ਸਪਲਾਈ ਸਹਿਕਾਰੀ ਸਭਾਵਾਂ ਦੇ ਮੈਂਬਰਾਂ ਨੂੰ ਕਰਵਾਉਣੀ ਯਕੀਣੀ ਬਨਾਈ ਗਈ।
- ਸਾਲ 2016-17 ਵਿੱਚ ਪੀ.ਆਈ.ਸੀ.ਟੀ ਵੱਲੋਂ ਸਹਿਕਾਰੀ ਸਭਾਵਾਂ/ਸੰਸਥਾਵਾਂ ਦੇ 2700 ਸਟਾਫ ਮੈਂਬਰਾਂ ਨੂੰ ਟਰੇਨਿੰਗ ਦਿੱਤੀ ਗਈ ।

- ਸਹਿਕਾਰਤਾ ਵਿਭਾਗ ਦੀ ਭਾਈ ਘੱਨਇਆ ਸਕੀਮ ਤਹਿਤ ਸਹਿਕਾਰੀ ਸਭਾਵਾਂ ਦੇ 1.92 ਲੱਖ ਮੇਨ ਮੈਂਬਰਾਂ ਨੂੰ ਹੈਲਥ ਬੀਮਾ ਦਾ ਫਾਇਦਾ ਦਿੱਤਾ ਗਿਆ।

**ਦੀ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ:**

- ਸਾਲ 2016-17 ਵਿੱਚ ਬੈਂਕ ਨੇ 490.22 ਕਰੋੜ ਰੁਪਏ ਦੇ ਕਰਜ਼ੇ ਵੰਡੇ ਹਨ।
- ਬੈਂਕਆਪਣੇ ਕਰਜ਼ਿਆਂ ਤੇ ਸਾਧਾਰਣ ਵਿਆਜ਼ ਲੈਂਦਾ ਹੈ।
- ਪਹਿਲਾਂ ਜ਼ਿਲਾ ਕੁਲੈਕਟਰ ਵੱਲੋਂ ਪਹਿਲਾਂ ਨਿਰਧਾਰਤ ਕੀਤੀ ਗਈ ਜ਼ਮੀਨ ਦੀ ਕੀਮਤ ਤੇ 75% ਕਰਜ਼ਾ ਦਿੱਤਾ ਸੀ ਅਤੇ ਹੁਣ ਇਸ ਤੇ 80% ਕਰਜ਼ਾ ਦਿੱਤਾ ਜਾਂਦਾ ਹੈ।
- ਸਮੇਂ ਸਿਰ ਕਰਜ਼ਾ ਮੋੜਣ ਵਾਲੇ ਕਰਜ਼ਦਾਰਾਂ ਲਈ ਵਿਆਜ਼ ਦਰ ਵਿੱਚ 0.50% ਦੀ ਛੋਟ ਹੈ ਇਸ ਮੰਤਵ ਲਈ ਬੈਂਕ ਵੱਲੋਂ ਗੁੱਡ ਪੇ ਮਾਸਟਰ ਰੀਬੇਟ ਫੰਡ ਦੀ ਸਥਾਪਨਾ ਕੀਤੀ ਗਈ ਹੈ।ਇਸ 0.50% ਦੀ ਵਿਆਜ ਦਰ ਦੀ ਛੋਟ ਨਾਲ ਪੀ.ਏ.ਡੀ.ਬੀਜ਼ ਦੇ ਸਮੇਂ ਸਿਰ ਕਰਜ਼ੇ ਦੀਆਂ ਕਿਸਤਾਂ ਮੋੜਣ ਵਾਲੇ ਕਰਜਦਾਰ ਲਈ ਵਿਆਜ਼ ਦੀ ਦਰ 11.80% ਤੋਂ 11.30% ਰਹਿ ਜਾਂਦੀ ਹੈ।
- ਮਹਿਲਾ ਕਰਜ਼ਦਾਰਾਂ ਤੋਂ ਕੋਈ ਕਰਜ਼ਾ ਫੀਸ ਨਹੀਂ ਲਈ ਜਾਂਦੀ।
- ਮਹਿਲਾ ਕਰਜ਼ਦਾਰਾਂ ਨੂੰ ਵਿਆਜ ਦਰ ਵਿੱਚ 0.50% ਦੀ ਛੋਟ।
- ਲਾਭਪਾਤਰ ਪਾਸੋਂ ਲਈ ਜਾਣ ਵਾਲੀ ਹਿੱਸਾ ਪੂੰਜੀ ਦੀ ਦਰ 5% ਤੋਂ ਘਟਾ ਕੇ 3% ਕਰ ਦਿੱਤੀ ਗਈ ਹੈ।
- ਸਾਂਝੇ ਖਾਤੇ ਵਾਲੇ ਕੇਸਾਂ ਵਿੱਚ ਬੀ-ਕਲਾਸ ਮੈਂਬਰ ਬਨਾਉਣ ਦੀ ਸ਼ਰਤ ਖਤਮ ਕਰ ਦਿੱਤੀ ਗਈ ਹੈ।
- ਫਾਰਮ ਸੈਕਟਰ ਦੇ 1.00 ਲੱਖ ਰੁਪਏ ਤੱਕ ਦੇ ਅਤੇ ਗੈਰ ਜ਼ਰਾਇਤੀ ਧੰਦਿਆਂ ਦੇ 2.00 ਲੱਖ ਰੁਪਏ ਦੇ ਕਰਜਿਆਂ ਦੀ ਸਹੂਲਤ ਲਈ ਕੋਈ ਬਿੱਲ ਨਹੀਂ ਲਿਆ ਜਾਂਦਾ।

**ਸ਼ੂਗਰਫੈਡ:**

- ਸਾਲ2016-17 ਦੌਰਾਨ 58262 Hectareਤਹਿਤ 194.05 ਲੱਖ ਕਿਵੰਟਲ ਗੰਨਾ ਪੀੜਿਆ ਗਿਆ, 9.49% ਖੰਡ ਰਿਕਵਰੀ ਕੀਤੀ ਗਈ ਅਤੇ 18.42 ਲੱਖ ਕਿਵੰਟਲ ਖੰਡ ਦਾ ਉਤਪਾਦਨ ਕੀਤਾ ਗਿਆ।
- ਰਾਜ ਸਰਕਾਰ ਨੇ ਕੇਂਦਰ ਦੇ ਗੰਨੇ ਦੇ 230 ਰੁਪਏ ਪ੍ਰਤੀ ਕਿਵੰਟਲFair Remunerative Priceਦੇ ਮੁਕਾਬਲੇ ਸਾਲ 2016-17 ਲਈ 300 ਰੁਪਏ ਪ੍ਰਤੀ ਕਿਵੰਟਲ Fair Remunerative Priceਰੱਖਿਆ ਹੈ।ਰਾਜ ਸਰਕਾਰ ਗੰਨੇ ਦੀ ਬਕਾਇਆ ਰਾਸ਼ੀ ਦੇ ਭੁਗਤਾਨ ਲਈ ਹਰ ਸਾਲ ਕਰਜ਼ਾ ਦਿੰਦੀ ਹੈ।ਇਸਦੇ ਲਈ ਸਾਲ 2015-16 ਵਿੱਚ ਰਾਜ ਸਰਕਾਰ ਨੇ 178.00 ਕਰੋੜ ਦੀ ਰਾਸ਼ੀ ਦਿੱਤੀ ਸੀ ਅਤੇ ਸਾਲ 2016-17 ਲਈ 24.50 ਕਰੋੜ ਦਿੱਤੇ ਹਨ।ਰਾਜ ਸਰਕਾਰ ਵੱਲੋਂ ਰੁਪਏ 91.16 ਕਰੋੜ ਦੀ ਰਾਸ਼ੀ ਦੀ ਮਦਦ ਨਾਲ, ਸਾਲ 2016-17 ਦਾ ਗੰਨੇ ਦਾ ਬਕਾਇਆ ਦੇ ਦਿੱਤਾ ਜਾਵੇਗਾ।

**ਮਿਲਕਫੈਡ:**

- ਐਸ.ਐਮ.ਪੀ ਦੀ ਪ੍ਰਤੀਕੂਲ ਮਾਰਕੇਟ ਹੋਣ ਦੇ ਬਾਵਜੂਦ ਸੀ.ਏ.ਜੀ.ਆਰ ਦੇ ਵਿਰੁੱਧ ਸੇਲਸ ਵਿੱਚ 9.31% ਦਾ ਵਾਧਾ ਕਰਦੇ ਹੋਏ ਸਾਲ 2015-16 ਦੇ 2684 ਕਰੋੜ ਦੇ ਮੁਕਾਬਲੇ ਸਾਲ 2016-17 ਵਿੱਚ 2934 ਕਰੋੜ ਦੀ ਅਚੀਵਮੈਂਟ ਕੀਤੀ ਗਈ।
- ਨਵੀਂ ਰਣਨੀਤੀ ਅਪਨਾਉਂਦੇ ਹੋਏ ਫੇਡਰੇਸ਼ਨ ਨੇ ਸਾਲ 2015-16 ਦੀ 13.90 ਲੱਖ ਕਿਲੋ ਦੁੱਧ ਦੀ ਖਰੀਦ ਨਾਲੋਂ 6.83% ਵਾਧੇ ਨਾਲ ਸਾਲ 2016-17 ਵਿੱਚ 14.85 ਲੱਖ ਕਿਲੋ ਦੁੱਧ ਦੀ ਖਰੀਦ ਕੀਤੀ।
- ਕਾਰਜ ਕੁਸ਼ਲਤਾ ਅਤੇ ਨਿਗਰਾਨੀ ਲਈ ਐਡਵਾਂਸ ਈ.ਆਰ.ਪੀ ਸਿਸਟਮ ਲਾਗੂ ਕਰਨ ਲਈ ਯਤਨ ਸ਼ੁਰੂ ਕਰ ਦਿੱਤੇ ਗਏ ਹਨ।ਦੁੱਧ ਦੀ ਖਰੀਦ ਦੇ ਬਿਲ ਅਤੇ ਕਰਮਚਾਰੀਆਂ ਦੀਆਂ ਤਨਖਾਵਾਂ ਨੂ ਕੰਪਿਊਟਰਾਈਜ਼ਡ ਕਰ ਦਿੱਤਾ ਗਿਆ ਹੈ।

- ਸਾਲ 2015-16 ਅਤੇ 2016-17 ਦੌਰਾਨ ਖੰਨਾ ਅਤੇ ਘੱਨੀਆ ਕੇ ਬਾਂਗਰ ਵਿਖੇ ਮਿਲਕਫੈਡ ਕੈਟਲ ਫੀਡ ਪਲਾਂਟਾਂ ਦੀ ਸਮਰੱਥਤਾ ਨੂੰ 300 ਐਮ.ਟੀ.ਐਸ ਤੋਂ ਵਧਾ ਕੇ 500 ਐਮ.ਟੀ.ਐਸ ਕਰ ਦਿੱਤਾ ਗਿਆ ਹੈ।ਸਾਲ 2016-17 ਦੌਰਾਨ ਦੋਵੇਂ ਕੈਟਲ ਫੀਡ ਪਲਾਂਟਾਂ ਨੇ 78534MTਕੈਟਲ ਫੀਡ ਦੀ ਵਿਕਰੀ ਕੀਤੀ।
- ਨੈਸ਼ਨਲ ਪ੍ਰੋਗਰਾਮ ਫਾਰ ਡੇਅਰੀ ਡੇਵਲੈਪਮੈਂਟ (ਐਨ.ਪੀ.ਡੀ.ਡੀ) ਸਕੀਮ ਦੇ ਤਹਿਤ, ਵੇਰਕਾ ਅੰਮ੍ਰਿਤਸਰ ਡੇਅਰੀ ਦੇ ਆਧੁਨਿਕੀਕਰਨ ਅਤੇ ਅਪਗ੍ਰੇਡੇਸ਼ਨ ਲਈ 14.64 ਕਰੋੜ ਦਾ ਇਕ ਪ੍ਰੋਜੈਕਟ ਅਪਰੂਵ ਕੀਤਾ ਗਿਆ ਹੈ।ਜਿਸਦਾ ਕੰਮ ਚਲ ਰਿਹਾ ਹੈ।ਵੇਰਕਾ ਜਲੰਧਰ ਅਤੇ ਬਠਿੰਡਾ ਡੇਅਰੀ ਲਈ ਰੁਪਏ 26.95 ਕਰੋੜ ਅਤੇ 24.89 ਕਰੋੜ ਦੇ ਪ੍ਰੋਜੈਕਟ ਅਪਰੂਵ ਕੀਤੇ ਗਏ ਹਨ।ਬਠਿੰਡਾ ਡੇਅਰੀ ਵਿਖੇ ਆਈਸਕਰੀਮ ਪਲਾਂਟ ਦੀ ਸਥਾਪਨਾ ਹੋ ਚੁੱਕੀ ਹੈ ਅਤੇ ਇਸ ਵਿੱਚ ਕੰਮ ਸ਼ੁਰੂ ਹੋ ਚੁੱਕਾ ਹੈ।ਵੇਰਕਾ ਜਲੰਧਰ ਡੇਅਰੀ ਵਿਖੇ 25 ਐਮ.ਟੀ ਪ੍ਰਤੀ ਦਿਨ ਦੀ ਸਮੱਰਥਤਾ ਵਾਲੇ ਪਾਊਡਰ ਪਲਾਂਟ ਦੀ ਸਥਾਪਨਾ ਦਾ ਕੰਮ ਚੱਲ ਰਿਹਾ ਹੈ।

**ਸ਼ਰੀਰਕ, ਵਿੱਤੀ, ਆਰਥਿਕ ਅਤੇ ਸਮਾਜਿਕ ਨਤੀਜਿਆਂ ਦੇ ਗਿਣਾਤਮਕ ਵੇਰਵੇ।**

- ਵਿਸਥਾਰਤ ਅੰਕੜੇ ਲੜੀ ਨੰ. 5 (ਏ) ਵਿੱਚ ਵਰਣਿਤ ਹਨ।

ਅ) **ਗੁਣਾਤਮਕ**

- ਸਹਿਕਾਰੀ ਸਭਾਵਾਂ ਦੇ ਮੈਬਰਾਂ ਨੂੰ ਪੰਜਾਬ ਰਾਜ ਸਹਿਕਾਰੀ ਬੈਂਕ ਰਾਂਹੀ ਸ਼ਾਰਟ ਟਰਮ ਕਰਜ਼ਾ ਉਪਲਬਧ ਕਰਵਾਉਣਾ।
- ਸਹਿਕਾਰੀ ਸਭਾਵਾਂ ਦੇ ਮੈਬਰਾਂ ਨੂੰ ਪੰਜਾਬ ਰਾਜ ਖੇਤੀਬਾੜੀ ਵਿਕਾਸ ਬੈਂਕ ਰਾਂਹੀ ਲਾਂਗ ਟਰਮ ਕਰਜ਼ਾ ਉਪਲਬਧ ਕਰਵਾਉਣਾ।
- ਮੈਬਰਾਂ ਨੂੰ ਸਮੇਂ ਸਿਰ ਖਾਦ ਅਤੇ ਐਗਰੋਕੈਮੀਕਲਜ਼ ਉਪਬਧ ਕਰਵਾਉਣਾ।

ੲ) **ਨੀਤੀ**

ਇਸ ਵਿਭਾਗ ਨਾਲ ਸਬੰਧਤ ਮੌਜੂਦਾ ਨੀਤੀਆਂ ਨੂੰ ਵਿਭਾਗ ਵਿੱਚ ਲਾਗੂ ਕੀਤਾ ਜਾ ਰਿਹਾ ਹੈ।

**ਸ) ਮਨੁੱਖੀ ਸੰਸਾਧਨ ਸੰਚਾਰ, ਮੀਡੀਆ,ਸੂਚਨਾ, ਸਿਖਿਆ (ਗਤੀਵਿਧੀਆਂ,ਪ੍ਰਾਪਤੀਆਂ,ਪਬਲੀਕੇਸ਼ਨ, ਕਾਨਫਰੰਸ ਪੇਸ਼ਕਾਰੀ, ਅਤੇ ਸਬੰਧਿਤ ਜਾਣਕਾਰੀ) ਨਾਲ ਸਬੰਧਤ ਧਿਆਨਯੋਗ ਪ੍ਰਾਪਤੀਆਂ: ਪਨਕੋਫੈਡ:**

2016-17 ਵਿੱਚ ਪੰਨਕੋਫੈਡ ਦੁਆਰਾ ਆਯੋਜਿਤ ਜਾਗਰੂਕਤਾ ਕੈਂਪ ਦਾ ਵੇਰਵਾ :-

| ਟਾਈਪ | ਗਿਣਤੀ ਵਿੱਚ ਕੈਂਪ | ਪ੍ਰਤੀ ਭਾਗੀਆਂ |
|---|---|---|
| ਐਮ ਪੀ ਸੀ ਏ ਐਸ ਐਸਸੁਸਾਇਟੀਜ਼ | 131 | 3114 |
| ਮਿਲਕ ਪ੍ਰੋਡਿਊਸਿੰਗ ਸੋਸਾਇਟੀਜ਼ | 15 | 1503 |
| ਮਹਿਲਾ ਸੋਸਾਇਟੀਜ਼ | 49 | 3350 |
| ਸੋਸਾਇਟੀਜ਼ ਦੇ ਮੈਂਬਰ | 186 | 12778 |
| ਸਕੂਲ ਲੈਕਚਰ | 91 | 4849 |

ਪਨਕੋਫੈਡ ਕੇਂਦਰੀ ਕੋਆਪਰੇਟਿਵ ਬੈਂਕ ਦੇ ਚੁਣੇ ਗਏ ਨੁਮਾਇੰਦਿਆਂ, ਬੈਂਕਾ, ਮਿਲਕ ਪਲਾਂਟ, ਖੇਤੀਬਾੜੀ ਵਿਕਾਸਬੈਂਕਾਂ, ਜਿਲ੍ਹਾ ਸਹਿਕਾਰੀ ਯੂਨੀਅਨਾਂ ਅਤੇ ਮਲਟੀਪਰਪਜ਼ ਸੋਸਾਇਟੀਜ਼ ਦੇ ਬੀ.ਓ.ਡੀ ਲਈ ਰਾਜ ਪੱਧਰੀ ਜਾਗਰੂਕਤਾ ਕੈਂਪ ਵੀ ਰੱਖ ਰਿਹਾ ਹੈ।ਸਾਲ 2016-17 ਦੌਰਾਨ, 55 ਸਟੇਟ ਪੱਧਰ ਦੀਆਂ ਫੰਕਸ਼ਨਾਂ ਦਾ ਆਯੋਜਨ ਕੀਤਾ ਗਿਆ,ਜਿਸ ਵਿੱਚ 6739 ਸਿਖਿਆਰਥੀਆਂ ਨੇ ਭਾਗ ਲਿਆ।

**ਪੀ.ਆਈ.ਸੀ.ਟੀ**

ਸਾਲ 2016-17 ਦੌਰਾਨ 134 ਸਿਖਲਾਈ ਪ੍ਰੋਗਰਾਮ/ਕੈਂਪ ਲਗਾਏ ਗਏ, ਜਿਨ੍ਹਾਂ ਵਿੱਚ 3212 ਸਿਖਆਰਥੀਆਂ ਨੇ ਭਾਗ ਲਿਆ।

**ਪਿਛਲੇ 3 ਸਾਲਾਂ ਦੀ ਤੁਲਨਾ:** (ਰਕਮ ਕਰੋੜਾਂ ਵਿੱਚ)

| ਲੜੀ ਨੰ. | ਵੇਰਵੇ | 2014-15 | 2015-16 | 2016-17 |
|---|---|---|---|---|
| 1 | ਕੁੱਲ ਸਭਾਵਾਂ ਦੀ ਗਿਣਤੀ | 17902 | 17687 | 18980 |
| 2 | ਸਦੱਸਤਾ (ਹਜਾਰਾਂ ਵਿੱਚ ਅੰਕਿਤ) | 53.13 | 53.89 | 53.22 |
| 3 | ਕੁੱਲ ਸ਼ੇਅਰ ਪੂੰਜੀ | 1479.05 | 1492.35 | 1489.05 |
| 4 | ਸਰਕਾਰੀ ਸ਼ੇਅਰ ਪੂੰਜੀ | 179.46 | 178.45 | 178.45 |
| 5 | ਮਲਕੀਅਤ ਫੰਡ | 6561.78 | 6626.46 | 6740.99 |
| 6 | ਲਗੀ ਹੋਈ ਰਕਮ | 67304.4 | 68609.55 | 69833.18 |
| 7 | ਟਰਨਓਵਰ | 445030.77 | 468444.78 | 554355.71 |
| 8 | ਜਮ੍ਹਾਂ | 17235.66 | 18214.23 | 18462.74 |
| 9 | ਰੁਜ਼ਗਾਰ ਵਾਲੇ ਵਿਅਕਤੀਆਂ (ਨੰਬਰ) | 32199 | 32098 | 31028 |
| 10 | PICT ਦੁਆਰਾ ਸਿਖਲਾਈ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ (ਨੰਬਰ) | 2995 | 3554 | 3212 |
| 11 | ਕਮੇਟੀ ਦੇ ਮੈਂਬਰਾਂ ਦੀ ਗਿਣਤੀ ਸਿੱਖੀਅਤ | 17002 | 9953 | 12778 |

**7. ਸੰਸਥਾਗਤ ਮੁੱਦੇ:**

**ਚੁਣੋਤੀਆਂ**

- ਵਿਭਾਗ ਅਧੀਨ ਬੈਂਕਾ ਨੂੰ ਕਿਸਾਨਾਂ ਨੂੰ ਥੋੜੀ ਮਿਆਦ ਅਤੇ ਲੰਮੀ ਮਿਆਦ ਦੇ ਕਰਜ਼ੇ ਉਪਬਲਧ ਕਰਵਾਉਣ ਵਿੱਚ ਨੋਟਬੰਦੀ ਅਤੇ ਤਰਲਤਾ ਵਰਗੀਆਂ ਚੁਣੋਤੀਆਂ ਦਾ ਸਾਹਮਣਾ ਕਰਨਾ ਪਿਆ।
- ਪੈਕਸ ਦੇ ਮੁਲਾਜ਼ਮਾਂ ਵੱਲੋ ਕੀਤੀ ਗਈ ਹੜਤਾਲ ਵੀ ਇੱਕ ਵੱਡੀ ਚੁਣੋਤੀ ਸੀ।

**ਬਦਲਾਅ**

- ਵਿਭਾਗ ਵਿੱਚ ਨਰੀਖਕਾਂ ਅਤੇ ਸੀਨੀਅਰ ਸਹਾਇਕਾਂ ਦੀ ਭਰਤੀ ਦੀ ਪ੍ਰਕਿਆ ਚੱਲ ਰਹੀ ਹੈ।

**ਸੁਧਾਰ**

- ਵਿਭਾਗ ਵਿੱਚ ਕੰਪਿਊਟਰੀਕਰਨ ਅਧੀਨ IWDMS ਸਿਸਟਮ ਅਤੇ ਕੋਰਟ ਕੇਸ ਮੋਨਟਰਿੰਗ ਸਿਸਟਮ ਵਰਤੋਂ ਵਿੱਚ ਲਿਆਂਦੇ ਜਾ ਰਹੇ ਹਨ।

**ਨਤੀਜੇ**

ਵਧੇਰੇ ਜਵਾਬਦੇਹ ਸਿਸਟਮ

**8. ਮੁਲਾਂਕਣ ਸਵੋਟ ਵਿਸ਼ਲੇਸ਼ਣ**

**ੳ) ਵਿਭਾਗ ਦੀਆਂ ਮਹੱਤਵਪੂਰਨ ਚੁਣੌਤੀਆਂ:**

- ਆਪਣੇ ਮੈਂਬਰਾਂ ਨੂੰ ਥੋੜੇ ਅਤੇ ਲੰਬੇ ਮਿਆਦ ਦੇ ਕਰਜ਼ੇ ਦੇਣ ਅਤੇ ਵਸੂਲੀ ਵਿੱਚ ਦੀ ਪੰਜਾਬ ਰਾਜ ਸਹਿਕਾਰੀ ਬੈਂਕ ਅਤੇ ਦੀ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਨੂੰ ਨੋਟਬੰਦੀ ਅਤੇ ਤਰਲਤਾ ਵਰਗੀਆਂ ਚੁਣੋਤੀਆਂ ਦਾ ਸਾਮਣਾ ਕਰਨਾ ਪਿਆ।
- ਪੈਕਸ ਦੇ ਮੁਲਾਜ਼ਮਾਂ ਦੀ ਅਪ੍ਰੈਲ 2016 ਤੋਂ ਅਗਸਤ 2016 ਤੱਕ ਹੋਈ ਹੜਤਾਲ ਵੀ ਇੱਕ ਚੁਣੋਤੀ ਸੀ, ਜਿਸ ਕਰਕੇ ਐਗਰੋ ਰਸਾਇਣਕਾਂ ਦੀ ਘੱਟ ਸਪਲਾਈ ਹੋਈ ਸੀ।

**ਅ) ਵਿਭਾਗ ਵਿੱਚ ਮਹੱਤਵਪੂਰਨ ਅੰਦਰੂਨੀ ਅਤੇ ਬਾਹਰੀ ਸਮਰੱਥਾਵਾਂ ਅਤੇ ਮੌਕੇ:**

- ਪੰਜਾਬ ਸਟੇਟ ਕੋਆਪ੍ਰੇਟਿਵ ਬੈਂਕ (ਪੀ.ਐਸ.ਸੀ.ਬੀ) ਦੁਆਰਾ ਮੈਂਬਰਾਂ ਨੂੰ ਥੋੜੇ ਸਮੇਂ ਲਈ ਕਰਜਾ ਦਿੱਤਾ ਜਾਂਦਾ ਹੈ।
- ਪੰਜਾਬ ਸਟੇਟ ਐਗਰੀਕਲਚਰ ਡਿਵੈਲਪਮੈਂਟ ਬੈਂਕ (ਐਸ.ਏ.ਡੀ.ਬੀ) ਦੁਆਰਾ ਲੰਮੀ ਮਿਆਦ ਦੇ ਖੇਤੀ ਕਰਜ਼ੇ ਦਿੱਤੇ ਜਾਂਦੇ ਹਨ।
- ਵਿਭਾਗ ਵਲੋਂ ਮਾਰਕਫੈਡਅਤੇ ਇਫਕੋ ਰਾਹੀਂ ਡੀ.ਏ.ਪੀ, ਯੂਰੀਆ ਖਾਦ ਸਹਿਕਾਰੀ ਸਭਾਵਾਂ ਨੂੰ ਸਮੇਂ ਸਿਰ ਸਪਲਾਈ ਦੀ ਮੰਗ ਦਾ ਮੁਲਾਕਣ ਕਰਨਾਂ ਅਤੇ ਸਮੇਂ ਸਿਰ ਨੀਤੀ ਅਤੇ ਖੇਤੀ ਰਸਾਇਣਾਂ ਦੀ ਸਮੇਂ ਸਿਰ ਸਪਲਾਈ ਯਕੀਨੀ ਬਣਾਈ ਜਾਂਦੀ ਹੈ।
- ਵਿਭਾਗ ਮਿਲਕਫੈਡ ਦੁਆਰਾ ਮਿਲਕਫੈਡ ਦੇ ਵੱਖ ਵੱਖ ਮਾਪਦੰਡਾਂ ਅਧੀਨ ਦੁੱਧ ਦੀ ਵਿਕਰੀ ਰਾਹੀਂ ਆਮਦਨ ਵਧਾਉਣ ਦੇ ਨਾਲ ਨਾਲ ਆਪਣੇ ਮੈਂਬਰਾਂ ਦੀ ਆਰਥਿਕ ਸਥਿਤੀ ਉਠਾਉਦਾ ਹੈ।

**ਪੜਾਅਵਾਰ ਢੰਗ ਨਾਲ ਪੈਕਸ ਦੀ ਵਿੱਤੀ ਸਥਿਤੀ ਨੂੰ ਸੁਧਾਰਨਾ।**

- ਇਸ ਸਬੰਧ ਵਿੱਚ ਵਿਭਾਗ ਦੇ ਕੰਮ ਵਿੱਚ ਪੈਕਸ ਦੀ ਵਿੱਤੀ ਹਾਲਤ ਵਿੱਚ ਸੁਧਾਰ ਲਿਆਉਣਾ ਸ਼ਾਮਲ ਹੈ ਜਿਸ ਵਿੱਚ, ਨਵੇਂ ਐਗਰੋ-ਸਰਵਿਸ ਸੈਂਟਰ ਦੀ ਸਥਾਪਨਾ ਕਰਨਾ,ਪੁਰਾਣੇ ਐਗਰੋ ਸਰਵਿਸ ਸੈਂਟਰਾਂ ਨੂੰ ਮਸ਼ੀਨਾਂ ਦੇ ਬਦਲ/ ਅਪਗਰੇਡੇਸ਼ਨ ਰਾਹੀਂਮਜ਼ਬੂਤ ਕਰਨਾ, ਜਿਸ ਨਾਲ ਐਗਰੋ ਸਰਵਿਸ ਸੈਂਟਰਾਂ ਦੀਆਂ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਮੈਂਬਰਾਂ ਦੀ ਗਿਣਤੀ ਵਿੱਚ ਵਾਧਾ ਆਉਣ ਨਾਲ ਨਤੀਜੇ ਵਿੱਚ ਵਾਧਾ ਹੋਵੇਗਾ।
- ਪੀ.ਆਈ.ਸੀ.ਟੀ ਦੁਆਰਾ ਸਟਾਫ ਲਈ ਸਿਖਲਾਈ ਅਤੇ ਪੰਨਕੋਫੈਡ ਦੁਆਰਾ ਸਹਿਕਾਰੀ ਸਭਾਵਾਂ ਦੇ ਮੈਂਬਰਾਂ ਅਤੇ ਚੁਣੇ ਹੋਏ ਕਮੇਟੀ ਮੈਂਬਰਾਂ ਦੀ ਸਿਖਲਾਈ ਕੀਤੀ ਜਾਂਦੀ ਹੈ।

**ਮਹਿਲਾ ਸ਼ਕਤੀਕਰਣ:**

- ਵਿਭਾਗ ਪੈਕਸ ਵਿੱਚ"ਮਾਈਭਾਗੋ ਇਸਤਰੀ ਸ਼ਕਤੀ ਸਕੀਮ" ਅਧੀਨ ਆਪਣੀ ਮੈਂਬਰਸ਼ਿਪ, ਮਹਿਲਾ ਸਵੈ-ਸਹਾਇਤਾ ਸਮੂਹਾਂ ਦੀ ਸਥਾਪਨਾ, ਬੈਂਕਾਂ ਨਾਲ ਉਹਨਾਂ ਦੇ ਲਿੰਕੇਜ ਅਤੇ ਮਹਿਲਾਵਾਂ ਨੂੰ ਮਾਈਕਰੋ-ਫਾਈਨਾਂਸ ਪ੍ਰਦਾਨ ਕਰਨ ਦੇ ਨਾਲ ਪੀਏਸੀਐਸ ਦੇ ਮਹਿਲਾ ਮੈਂਬਰਾਂ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਲਈ ਪ੍ਰਦਾਨ ਕਰ ਰਿਹਾ ਹੈ ਅਤੇ ਇਸ ਲਈ ਸਥਾਪਿਤ ਕੀਤੇ ਛੋਟੇ ਉਦਯੋਗਾਂ ਨੂੰ ਸਥਾਪਿਤ ਕਰਨ ਵਿੱਚ ਵੀ ਮਦਦ ਕਰਦਾ ਹੈ।

**ਸਹਿਕਾਰੀ ਸਭਾਵਾਂ ਦੇ ਮੈਂਬਰਾਂ ਲਈ ਹੈਲਥ ਕਵਰ ਦੀ ਵਿਵਸਥਾ ਕਰਨਾ:**

- ਵਿਭਾਗ ''**ਭਾਈ ਘੱਨਈਆ ਸੇਵਾ ਸਕੀਮ**'' ਦੇ ਤਹਿਤ ਇਸ ਮੰਤਵ ਨੂੰ ਅੱਗੇ ਵਧਾ ਰਿਹਾ ਹੈ ਅਤੇ ਸਹਿਕਾਰੀ ਸੋਸਾਇਟੀ ਦੇ ਮੈਂਬਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਿਹਤ ਬੀਮਾ ਯਕੀਨੀ ਬਣਾ ਰਿਹਾ ਹੈ।

**ਵਿਭਾਗ ਦੀਆਂ ਹੋਰ ਮਜ਼ਬੂਤੀਆਂ।**

- ਨਿਯਮ ਨੂੰ ਅਪੱਡੇਟ ਕਰਨਾ।
- ਦੂਜੀਆਂ ਸੰਸਥਾਵਾਂ ਨਾਲ ਸਹਿਯੋਗੀ ਸਹਿਕਾਰੀ ਗਤੀਵਿਧੀਆਂ।
- ਸਹਿਕਾਰੀ ਖੇਤਰ ਲਈ ਪ੍ਰੋਗਰਾਮਾਂ ਅਤੇ ਨੀਤੀਆਂ ਦੀ ਤਿਆਰੀ।
- ਡਾਟਾ ਇੱਕਠਾ ਕਰਨਾ ਅਤੇ ਸਹਿਕਾਰਤਾ ਅਤੇ ਸਹਿਕਾਰੀ ਅੰਦੋਲਨ ਦੀਆਂ ਰਿਪੋਰਟਾਂ ਦਾ ਪ੍ਰਕਾਸ਼ਨ।
- ਆਪਣੀਆਂ ਗਤੀਵਿਧੀਆਂ ਨੂੰ ਆਧੁਨਿਕੀਕਰਨ ਅਤੇ ਵਿੱਤੀ ਅਤੇ ਕਾਰਜਸ਼ੀਲ ਖੁਦਮੁਖਤਿਆਰੀ ਨੂੰ ਪ੍ਰਾਪਤ ਕਰਨ ਵਿੱਚ ਸਹਿਕਾਰੀ ਸਮਿਤੀਆਂ ਦੀ ਸਹਾਇਤਾ ਕਰਨਾ।

ਸਾਲਾਨਾ ਪ੍ਰਸ਼ਾਸ਼ਕੀ ਰਿਪੋਰਟ

ੲ) **ਸਰਵੇਖਣ, ਕਾਰਗੁਜ਼ਾਰੀ ਲਈ ਮਾਪਦੰਡ, ਅਤੇ ਤੁਹਾਡੇ ਪ੍ਰੋਗਰਾਮਾਂ ਅਤੇ ਸੇਵਾਵਾਂ ਤੋਂ ਮੁਲਾਂਕਣ ਮੈਟ੍ਰਿਕਸ ਦੇ ਨਤੀਜਿਆਂ ਦਾ ਸਾਰ ਪੇਸ਼ ਕਰੋ, ਵਿਭਾਗ ਦੇ ਕਾਰਜਾਂ ਲਈ ਢੁਕਵਾਂ ਡਾਟਾ ਸ਼ਾਮਲ ਕਰੋ, ਜਿਵੇਂ ਫੰਡਰੇਜ਼ਿੰਗ ਰੁਝਾਨ ਡਾਟਾ, ਬੈਂਚਮਾਰਕ ਜਾਂ ਹੋ ਤੁਲਨਾਤਮਕ ਡਾਟਾ ਆਦਿ।**

ਇਹ ਕਾਲਮ ਨੰਬਰ 5 (ੲ) ਵਿੱਚ ਦਰਜ ਹੈ:

ਸ) **ਆਪਣੇ ਵਿਭਾਗ ਵਿੱਚ ਪ੍ਰਕਿਰਿਆਵਾਂ ਅਤੇ ਪ੍ਰੋਗਰਾਮਾਂ ਨੂੰ ਬਿਹਤਰ ਬਣਾਉਣ ਲਈ ਵਿਸ਼ੇਸ਼ ਨਤੀਜਿਆਂ ਦਾ ਉਪਯੋਗ ਕਿਵੇਂ ਕੀਤਾ ਗਿਆ ਹੈ।**

ਪਿਛਲੇ ਸਾਲਾਂ ਵਿੱਚ ਵਿਭਾਗ ਦੀ ਕਾਰਗੁਜ਼ਾਰੀ ਦੇ ਵੱਖ ਵੱਖ ਮਾਪਦੰਡਾਂ ਦੀ ਤੁਲਨਾ ਕਰਕੇ ਉਹਨਾਂ ਦੇ ਸਪੈਸੀਫਿਕ ਨਤੀਜਿਆਂ ਨੂੰ ਹੇਠ ਲਿਖੇ ਅਨੁਸਾਰ ਵਰਤਿਆ ਗਿਆ ਹੈ:-

1. ਲਾਭਪਾਤਰੀਆਂ ਨੂੰ ਪੀ.ਐਸ.ਸੀ.ਬੀ ਅਤੇ ਐਸ.ਏ.ਡੀ.ਬੀ ਦੁਆਰਾ ਬੈਟਰ ਲੋਨਿੰਗ।
2. ਸਮੇਂ ਸਿਰ ਖਾਦ ਦੀ ਪਾਲਿਸੀ ਬਣਾਉਣ ਨਾਲ ਮੈਂਬਰਾਂ ਨੂੰ ਖਾਦ ਦੀ ਸਮੇਂ ਸਿਰ ਅਤੇ ਢੁਕਵੀਂ ਸਪਲਾਈ ਨੂੰ ਯਕੀਨੀ ਬਣਾਇਆ ਜਾਂਦਾ ਹੈ।
3. ਭਾਈ ਘੱਨਈਆ ਸਕੀਮ ਅਧੀਨ ਪੈਕਸ ਦੇ ਮੈਂਬਰਾਂ ਲਈ ਬਿਹਤਰ ਸਿਹਤ ਬੀਮਾ ਸੁਰੱਖਿਆ।
4. ਕਿਸਾਨਾਂ ਦੀ ਵਿੱਤੀ ਜ਼ਰੂਰਤਾਂ ਨੂੰ ਪੂਰਾ ਕਰਨਾ ਅਤੇ ਖੇਤੀਬਾੜੀ ਸੰਦਾਂ ਦੀ ਸਪਲਾਈ ਕਰਵਾਉਣਾ।
5. ਕਿਸਾਨਾਂ ਦੇ ਫਾਇਦੇ ਲਈ ਹੋਰ ਐਗਰੋ ਸਰਵਿਸ ਸੈਂਟਰ ਸਥਾਪਿਤ ਕਰਨਾ ਅਤੇ ਪੁਰਾਣੇ ਐਗਰੋ ਸਰਵਿਸ ਸੈਂਟਰਾਂ ਨੂੰ ਅਪਗਰੇਡ ਕਰਨਾ।
6. ਮਿਲਕਫੈਡ ਦੁਆਰਾ ਕਿਸਾਨਾਂ ਅਤੇ ਸੁਸਾਇਟੀ ਦੇ ਹੋਰ ਕਮਜ਼ੋਰ ਵਰਗਾਂ ਦੇ ਜੀਵਨ ਪੱਧਰ ਦੇ ਮਿਆਰ ਨੂੰ ਉੱਚਾ ਚੁੱਕਣਾ।
7. ਕੋਆਪ੍ਰੇਟਿਵ ਸੋਸਾਇਟੀਆਂ/ਵਿਭਾਗ ਦੇ ਮੈਂਬਰਾਂ ਅਤੇ ਕਰਮਚਾਰੀਆਂ ਨੂੰ ਵੱਖ-ਵੱਖ ਪਹਿਲੂਆਂ ਤੇ ਨਵੀਨਤਮ ਸਿਖਲਾਈ ਪ੍ਰਦਾਨ ਕਰਨ ਲਈ।

9) **ਨਵੇਂ ਵਿਕਾਸ ਅਤੇ ਸੋਮਿਆਂ ਲਈ ਸੁਝਾਅ**

ਅਗਲੇ ਤਿੰਨ ਸਾਲਾਂ ਲਈ ਵਿਉਤਕਾਰੀ ਯੋਜਨਾ ਦੇ ਟੀਚਿਆਂ, ਫੰਡਿੰਗ ਸ੍ਰੋਤਾਂ ਦੀ ਪਛਾਣ ਕੀਤੀ ਗਈ ਹੈ :-

| **ਰਣਨੀਤਕ ਟੀਚਿਆਂ ਦੀ ਪਛਾਣ** | **ਬਜਟ ਫੰਡਿਗ ਦਾ ਸਰੋਤ** | **ਨਿਸਚਿਤ ਟਾਇਮਲਾਈਨ** | | |
|---|---|---|---|---|
| | | **2017-18** | **2018-19** | **2019-20** |
| ਮੈਂਬਰਾਂ ਨੂੰ ਸਪਲਾਈ ਕੀਤੀ ਛੋਟੀ ਮਿਆਦ ਦੀ ਰਾਸ਼ੀ ਦੀ ਮਾਤਰਾ | ਪੀ.ਐਸ.ਸੀ.ਬੀ ਦੁਆਰਾ | 9000 ਕਰੋੜ | 9000 ਕਰੋੜ | 9000 ਕਰੋੜ |
| ਮੈਂਬਰਾਂ ਨੂੰ ਸਪਲਾਈ ਕੀਤੀ ਲੰਮੀ ਮਿਆਦ ਦੀ ਰਾਸ਼ੀ ਦੀ ਮਾਤਰਾ | ਐਸ.ਏ.ਡੀ.ਬੀ ਦੁਆਰਾ | 300ਕਰੋੜ | 470 ਕਰੋੜ | 530ਕਰੋੜ. |
| ਪੈਕਸ ਦੇ ਮੈਂਬਰਾਂ ਨੂੰ ਖਾਦ ਦੀ ਸਪਲਾਈ ਵਿੱਚ ਸਹਿਕਾਰਤਾ ਦਾ ਹਿੱਸਾ। | ਮਾਰਕਫੈਡ ਅਤੇ ਇਫਕੋ ਦੁਆਰਾ | 50% | 50% | 50% |

**ਭਵਿੱਖ ਦੇ ਟੀਚਿਆਂ/ਉਦੇਸ਼ਾ ਦੇ ਵੇਰਵੇ।**

ੳ) **ਘੱਟ ਸਮੇਂ ਲਈ(ਇੱਕ ਸਾਲ)**

ਸਟਾਫ ਮੈਬਰਾਂ ਨੂੰ ਨਵੀਨਤਮ ਪ੍ਰਕੀਰਿਆਵਾਂ, ਵਿਭਾਗ ਦੇ ਮੈਨੂਅਲ ਅਤੇ ਸਰਕਾਰ ਦੇ ਨਿਰਦੇਸ਼ਾ ਦੀ ਵਰਤੋਂ ਕਰਨ ਦੇ ਯੋਗ ਬਣਾਉਣਾਂ।

**ਅ) ਲੰਬੇ ਸਮੇਂ ਲਈ (ਦੋ-ਪੰਜ ਸਾਲ)**

ਨਰੀਖਣ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣਾ ਅਤੇ ਵਿਭਾਗ ਦੇ ਕੰਮ ਕਾਰ ਦਾ ਕੰਪਿਊਟੀਰਕਨ ਕਰਨਾਂ।

**ੲ) ਅਗਲੇ ਵਿੱਤੀ ਸਾਲ ਵਿੱਚ ਟੀਚਿਆਂ ਦੀ ਪ੍ਰਾਪਤੀ ਲਈ ਨੀਤੀ ਸੁਧਾਰਾਂ ਲਈ ਯੋਜਨਾਵਾਂ ਦੇ ਸੰਖੇਪ ਵਿਵਰਣ।**

ਵਿਭਾਗ ਵਿੱਚ ਖਾਲੀ ਪਈਆਂ ਅਸਾਮੀਆਂ ਨੂੰ ਪਹਿਲ ਦੇ ਅਧਾਰ ਤੇ ਭਰਨਾਂ ਅਤੇ ਪੜਾਅਵਾਰ ਖੇਤੀਬਾੜੀ ਸਭਾਵਾਂ ਦਾ ਕੰਪਿਊਟਰੀਕਰਨ ਕਰਨਾਂ।

**10) ਵਿਭਾਗ ਦੀਆਂ ਅਜੈਂਸਿਆਂ ਦੀ ਕਾਰਗੁਜਾਰਿਆਂ ਅਤੇ ਪਹਿਲ ਕਦਮੀਆਂ ਦਾ ਸੰਖੇਪ ਵੇਰਵਾ**

ਸਿਖਲਾਈ ਸੰਸਥਾਵਾਂ ਜਿਵੇ ਕਿ ਸਹਿਕਾਰੀ ਪ੍ਰਬੰਧਨ ਦੀ ਕੇਂਦਰੀ ਸੰਸਥਾਂ ਚੰਡੀਗੜ, ਪੰਜਾਬ ਸਹਿਕਾਰੀ ਸਿਖਲਾਈ ਸੰਸਥਾਂ ਚੰਡੀਗੜ, ਖੇਤੀਬਾੜੀ ਸਹਿਕਾਰੀ ਸਟਾਫ ਸਿਖਲਾਈ ਸੰਸਥਾਂ ਜਲੰਧਰ ਅਤੇ ਮਹਾਤਮਾਂ ਗਾਂਧੀ ਸਟੇਟ ਇੰਨਸੀਚਿਊਟ ਆਫ ਪਬਲਿਕ ਐਡਮਨਿਸਟ੍ਰੇਸ਼ਨ ਵਿਭਾਗ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਸਿਖਲਾਈ ਦਿੰਦੀਆਂ ਹਨ।

**11) ਅੰਤਿਕਾ**

ਨਿਲ